# ਨੈਣਾਂ ਵਿਚ ਸਮੁੰਦਰ

(ਗ਼ਜ਼ਲ ਸੰਗ੍ਰਹਿ)

**ਲੇਖਕ ਦੀਆਂ ਹੋਰ ਰਚਨਾਵਾਂ**

* ਸਿਰ ਜੋਗੀ ਛਾਂ (ਗ਼ਜ਼ਲ ਸੰਗ੍ਰਹਿ)
* ਖ਼ਿਆਲ ਖ਼ੁਸ਼ਬੋ ਜਿਹਾ (ਗ਼ਜ਼ਲ ਸੰਗ੍ਰਹਿ)
* ਸੱਤ ਰੰਗੀਆਂ ਚਿੜੀਆਂ (ਨਾਵਲ)
* ਬਦਲੇ ਰੰਗ ਸਮੇਂ ਦੇ (ਕਥਾ-ਅਕਥਾ)

**ਬੱਚਿਆਂ ਲਈ :**

* ਚਿੱਟਾ ਪੰਛੀ (ਕਾਵਿ ਕਹਾਣੀਆਂ)
* ਨਿੱਕੀ ਜਿਹੀ ਡੇਕ (ਕਵਿਤਾਵਾਂ)
* ਤਿੰਨ ਦੂਣੀ ਅੱਠ (ਕਹਾਣੀਆਂ)

**ਸੰਗੀਤਕ ਪ੍ਰਾਪਤੀ**

* ਚੁਰਾਹੇ ਦੇ ਦੀਵੇ (ਸੀ.ਡੀ.)
  (ਸੁਰ-ਤਾਲ 'ਚ)

# ਨੈਣਾਂ ਵਿਚ ਸਮੁੰਦਰ

(ਗ਼ਜ਼ਲ ਸੰਗ੍ਰਹਿ)


ਲੇਖਕ

**ਬੂਟਾ ਸਿੰਘ ਚੌਹਾਨ**

*Poetry/Punjabi Poetry*

**Naina Vich Samunder**

*By*

**Buta Singh Chauhan**
Shahid Bhagat Singh Nagar
BARNALA (Punjab)
Mob : 98143-80749

2010
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*2010*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਪਦਮਪਾਲ ਦੇ ਨਾਂ...

ਇਹ ਵੀ ਮੈਨੂੰ ਦਿਨ ਵਿਖਾਉਣੇ
ਸੀ ਅਭਾਗੇ ਰਿਜਕ ਨੇ
ਵੇਖਣਾ ਅਣਚਾਹਿਆ
ਅਣਚਾਹਿਆ ਸੁਣਨਾ ਪਊ

## ਪਹਿਲੇ ਤੰਦ ਨੂੰ ਯਾਦ ਕਰਦਿਆਂ...

ਜਦੋਂ ਮੈਂ ਪਹਿਲਾ ਸ਼ੇਅਰ ਕਿਹਾ ਸੀ, ਉਦੋਂ ਪਤਾ ਹੀ ਨਹੀਂ ਸੀ ਗ਼ਜ਼ਲ ਕੀ ਹੁੰਦੀ ਹੈ? ਇਹ ਕਿਵੇਂ ਲਿਖੀਦੀ ਹੈ? ਕਿਵੇਂ ਗਾਈ ਜਾਂਦੀ ਹੈ? ਇਸਦੀ ਕੋਈ ਬਹਿਰ ਵੀ ਹੁੰਦੀ ਹੈ ਜਾਂ ਕੋਈ ਵਜ਼ਨ ਵੀ।

ਛੋਟਾ ਹੁੰਦਾ ਰੇਡੀਓ 'ਤੇ ਗੀਤ ਸੁਣਦਾ ਸੀ। ਹਿੰਦੋਸਤਾਨੀ ਗਾਇਕਾਂ ਦੇ ਵੀ ਅਤੇ ਪਾਕਿਸਤਾਨੀ ਗਾਇਕਾਂ ਦੇ ਵੀ। ਮੁਹੰਮਦ ਰਫ਼ੀ ਦੇ ਵੀ ਗੀਤ ਆਉਂਦੇ ਅਤੇ ਲਤਾ ਮੰਗੇਸ਼ਕਰ ਦੇ ਵੀ। ਖੇਤਾਂ 'ਚ ਮੁਸ਼ੱਕਤ ਕਰਦਿਆਂ ਉਨ੍ਹਾਂ ਨੂੰ ਗਾਉਂਦਾ ਵੀ ਪਰ ਜਦੋਂ ਗ਼ਜ਼ਲ ਨੇ ਦੁੱਖਾਂ ਦੇ ਸਰਵਰ 'ਚੋਂ ਅਚਾਨਕ ਮੇਰੀ ਬਾਂਹ ਫੜੀ, ਪਿੱਛੋਂ ਪਤਾ ਲੱਗਿਆ ਹੁਣ ਤੱਕ ਸੁਣੇ ਗੀਤਾਂ ਵਿਚ ਗ਼ਜ਼ਲਾਂ ਵੀ ਸਨ ਅਤੇ ਕਈ ਗੀਤ ਗ਼ਜ਼ਲਾਂ ਦੀਆਂ ਬਹਿਰਾਂ ਵਿਚ ਲਿਖੇ ਹੋਏ ਸਨ, ਜਿਨ੍ਹਾਂ ਦੀਆਂ ਬਹਿਰਾਂ ਮੇਰੇ ਅੰਦਰ ਖ਼ੁਦ-ਬ-ਖ਼ੁਦ ਸਮਾ ਗਈਆਂ ਸਨ।

ਮਾਨਸਾ ਰਹਿੰਦਿਆਂ ਮੇਰਾ ਇਕ ਸੁਪਨਾ ਟੁੱਟਿਆ। ਉਹ ਬਿਗਾਨਿਆਂ ਨੇ ਨਹੀਂ ਸੀ ਤੋੜਿਆ। ਤੋੜਨ ਵਾਲੇ ਆਪਣੇ ਹੀ ਸਨ।

ਮੈਂ ਉਸ ਦਿਨ ਧੁਰ ਤੱਕ ਕੰਬ ਗਿਆ ਸੀ। ਬਚਪਨ 'ਚ ਜਿਨ੍ਹਾਂ ਦਿਨਾਂ 'ਚ ਹੱਥਾਂ 'ਚ ਖਿਡੌਣੇ ਹੋਣੇ ਚਾਹੀਦੇ ਸਨ, ਉਨ੍ਹਾਂ ਦਿਨਾਂ 'ਚ ਦਾਤੀ ਫੜੀ ਸੀ। ਖੇਤਾਂ 'ਚੋਂ ਕੱਖ ਵੀ ਖੋਤੇ ਸਨ ਪਰ ਉਦੋਂ ਮਨ ਉਦਾਸ ਤਾਂ ਹੋ ਜਾਂਦਾ ਸੀ ਪਰ ਟੁਟਦਾ ਨਹੀਂ ਸੀ।

ਇਸ ਘਟਨਾ ਦਾ ਵਿਸਥਾਰਕ ਜ਼ਿਕਰ ਮੈਂ ਆਪਣੀ ਇਸੇ ਸਾਲ ਛਪੀ ਕਥਾ-ਅਕਥਾ ਵਿਧਾ ਦੀ ਪੁਸਤਕ 'ਬਦਲੇ ਰੰਗ ਸਮੇਂ ਦੇ' ਦੇ ਭਾਗ 'ਸੈਂਕੜੇ ਬਨਾਮ ਪੰਦਰਾਂ-ਵੀਹ' ਵਿਚ ਕੀਤਾ ਹੈ।

ਉਸ ਦਿਨ ਮੇਰੀਆਂ ਅੱਖਾਂ ਵਗ ਰਹੀਆਂ ਸਨ। ਮਨ 'ਚ ਉਛਾਲ ਆਇਆ ਹੋਇਆ ਸੀ। ਲਗਦਾ ਸੀ, ਜਿਵੇਂ ਡੂੰਘੇ ਸਮੁੰਦਰ 'ਚ ਡੋਲੇ ਖਾਂਦੀ ਕਿਸ਼ਤੀ 'ਚ ਬੈਠਾ ਹੋਵਾਂ-ਬਿਲਕੁਲ ਇਕੱਲਾ। ਆਲ਼ੇ-ਦੁਆਲ਼ੇ ਨਜ਼ਰ ਮਾਰਿਆਂ ਵੀ ਕੁਝ ਨਜ਼ਰ ਨਹੀਂ ਸੀ ਆਉਂਦਾ ਤੇ ਅਚਾਨਕ ਹੀ ਇਹ ਹਰਫ਼ ਮੇਰੇ ਬੁੱਲ੍ਹਾਂ 'ਤੇ ਆ ਗਏ ਸਨ :-

ਇਕ ਪਾਸੇ ਦੀਵੇ ਬਲ਼ਦੇ ਨੇ
ਇਕ ਪਾਸੇ ਘੁੱਪ ਹਨ੍ਹੇਰਾ ਹੈ

ਮੈਨੂੰ ਪਿੱਛੋਂ ਪਤਾ ਲੱਗਿਆ ਸੀ ਕਿ ਇਹ ਕਵਿਤਾ ਸੀ, ਜਿਹੜੀ ਗ਼ਜ਼ਲ ਦਾ ਰੂਪ ਧਾਰ ਕੇ ਮੈਨੂੰ ਖਿੰਡੇ ਹੋਏ ਨੂੰ ਸਾਂਭਣ ਆਈ ਸੀ।

ਉਸ ਦਿਨ ਇਸ ਸ਼ੇਅਰ ਤੋਂ ਅੱਗੇ ਕੁਝ ਨਹੀਂ ਸੀ ਔੜਿਆ। ਪਿੱਛੋਂ ਜਾ

ਕੇ ਪਤਾ ਲੱਗਿਆ ਕਿ ਇਸ ਸ਼ੇਅਰ ਰਾਹੀਂ ਗ਼ਜ਼ਲ ਨੇ ਆਪਣੇ ਤੱਕਲ਼ੇ 'ਤੇ ਬਚਪਨ 'ਚ ਹੀ ਮੈਥੋਂ ਪਹਿਲਾ ਤੰਦ ਪਵਾ ਲਿਆ ਸੀ।

ਹੁਣ ਗ਼ਜ਼ਲ ਲਿਖਦਿਆਂ ਬਹੁਤ ਸਾਲ ਹੋ ਗਏ ਹਨ। ਗ਼ਜ਼ਲ ਦੀ ਵਿਧਾ ਨੂੰ ਬਹੁਤ ਸਾਰੀਆਂ ਪੁਸਤਕਾਂ ਵਿਚੋਂ ਜਾਣਿਆ ਹੈ। ਆਪਣੀ ਸਮਝ-ਸਮਰੱਥਾ ਅਨੁਸਾਰ ਇਸਦੀਆਂ ਰਵਾਇਤਾਂ, ਸੂਖ਼ਮਤਾ ਅਤੇ ਵਿਧਾਨ ਨੂੰ ਸਮਝਿਆ ਹੈ ਪਰ ਲਗਦਾ ਹੈ, ਅਜੇ ਵੀ ਬਹੁਤ ਕੁਝ ਸਮਝਣਾ ਬਾਕੀ ਹੈ। ਬਹੁਤ ਵਾਰੀ ਆਪਣੇ ਆਪ ਨੂੰ ਅਜੇ ਗ਼ਜ਼ਲ-ਸਮੁੰਦਰ ਦੇ ਕਿਨਾਰੇ ਬੈਠਾ ਮਹਿਸੂਸ ਕਰੀਦਾ ਹੈ ਪਰ ਫਿਰ ਵੀ ਮੈਨੂੰ ਗ਼ਜ਼ਲ ਨੇ ਜੋ ਦਿੱਤਾ ਹੈ, ਉਹ ਮੇਰੀ ਹੈਸੀਅਤ ਤੋਂ ਜ਼ਿਆਦਾ ਹੈ।

ਮੈਂ ਹੁਣ ਤੱਕ 155 ਗ਼ਜ਼ਲਾਂ ਲਿਖੀਆਂ ਹਨ। ਦੋ ਗ਼ਜ਼ਲ ਸੰਗ੍ਰਹਿ ਪਹਿਲਾਂ ਛਪ ਚੁੱਕੇ ਹਨ। 'ਸਿਰ ਜੋਗੀ ਛਾਂ' ਦਾ ਤੀਜਾ ਅਤੇ 'ਖ਼ਿਆਲ ਖ਼ੁਸ਼ਬੋ ਜਿਹਾ' ਦਾ ਚੌਥਾ ਐਡੀਸ਼ਨ ਛਪਣਾ ਹੈ।

ਹਥਲੇ ਗ਼ਜ਼ਲ ਸੰਗ੍ਰਹਿ ਵਿਚ 56 ਗ਼ਜ਼ਲਾਂ ਸ਼ਾਮਿਲ ਕੀਤੀਆਂ ਹਨ। ਪਿਛਲੇ ਸਾਲ ਅੱਠ ਗ਼ਜ਼ਲਾਂ ਨੂੰ ਪ੍ਰਸਿੱਧ ਸੰਗੀਤਕਾਰ ਅਤੁਲ ਸ਼ਰਮਾ ਦੀ ਦਿਸ਼ਾ-ਨਿਰਦੇਸ਼ ਹੇਠ 'ਚੁਰਾਹੇ ਦੇ ਦੀਵੇ' ਸੀ.ਡੀ. 'ਚ ਵੱਖ-ਵੱਖ ਰਾਗਾਂ ਅਤੇ ਤਾਲਾਂ 'ਚ ਗਾਇਆ ਵੀ ਹੈ। ਇਸ ਸਾਲ ਅੱਠ ਗ਼ਜ਼ਲਾਂ ਹੋਰ ਰਿਕਾਰਡ ਕਰਵਾਈਆਂ ਹਨ, ਜਿਨ੍ਹਾਂ ਦੀ ਸੀ.ਡੀ. ਇਸੇ ਸਾਲ ਰਿਲੀਜ਼ ਹੋਣੀ ਹੈ।

ਮੈਨੂੰ ਆਤਮਾ 'ਚੋਂ ਪਿਆਰ ਕਰਨ ਵਾਲੇ ਬਹੁਤ ਸਾਰੇ ਮਿੱਤਰਾਂ ਦਾ ਕਹਿਣਾ ਹੈ ਕਿ ਮੈਂ ਗ਼ਜ਼ਲ ਦਾ ਕਾਫ਼ੀ ਰਿਣ ਉਤਾਰ ਦਿੱਤਾ ਹੈ ਪਰ ਮੈਨੂੰ ਅਜੇ ਵੀ ਲਗਦਾ ਹੈ ਕਿ ਮੈਂ ਕੁਝ ਵੀ ਨਹੀਂ ਕਰ ਸਕਿਆ।

ਜ਼ਿੰਦਗੀ ਦੀ 51ਵੀਂ ਪੱਤਝੜ ਲੰਘ ਰਹੀ ਹੈ। ਧਰਤੀ ਤੋਂ ਜਾਣ ਤੱਕ ਗ਼ਜ਼ਲ ਵੱਲ ਹੋਰ ਵੀ ਸ਼ਿੱਦਤ ਨਾਲ਼ ਧਿਆਨ ਦੇਵਾਂਗਾ। ਗ਼ਜ਼ਲ ਗਾਇਕੀ ਦੀਆਂ ਰਹਿੰਦੀਆਂ ਬਾਰੀਕੀਆਂ ਨੂੰ ਜਾਣਾਂਗਾ ਤਾਂ ਕਿ ਪੰਜਾਬੀ ਗ਼ਜ਼ਲ ਦਾ ਆਪਣੇ ਸਿਰ ਚਾੜ੍ਹਿਆ ਕਰਜ਼ ਉਤਾਰ ਸਕਾਂ।

23-12-2009 -ਬੂਟਾ ਸਿੰਘ ਚੌਹਾਨ

✪

ਵਫ਼ਾ ਨੂੰ ਪਾਲ਼ਣਾ ਹੀ ਜ਼ਿੰਦਗੀ ਹੈ
ਵਫ਼ਾ ਬਿਨ ਜ਼ਿੰਦਗੀ ਫੁੱਲ ਕਾਗ਼ਜ਼ੀ ਹੈ

ਮੇਰੀ ਰੂਹ ਹੈ ਇਹ ਜਾਂ ਹੈ ਕੋਈ ਸੁਪਨਾ
ਡਗਰ ਜੋ ਦੂਰ ਤੱਕ ਸੁੰਨੀ ਪਈ ਹੈ

ਕਦੇ ਰਸਤਾ ਸੀ ਹੁੰਦਾ ਆਦਮੀ ਲਈ
ਮਗਰ ਹੁਣ ਆਦਮੀ ਰਸਤੇ ਲਈ ਹੈ

ਕਦੇ ਤੂੰ ਹੀ ਅਗਾਹਾਂ ਤੋਰ ਆ ਕੇ
ਘੜੀ ਵਿਛੜਨ ਦੀ ਓਥੇ ਹੀ ਖੜ੍ਹੀ ਹੈ

ਬੜਾ ਕੁਝ ਕਹਿ ਲਿਆ ਹੈ ਫਿਰ ਵੀ ਲਗਦਾ
ਕੋਈ ਗੱਲ ਹੈ ਜੋ ਹਾਲੇ ਅਣਕਹੀ ਹੈ

ਗਏ ਗੁਜ਼ਰੇ ਸੀ ਕਾਗ਼ਜ਼ ਕੀ ਮੈਂ ਲਿਖਦਾ ਪਾੜ ਦਿੱਤੇ
ਹਰੇਵਾਈ ਗੁਆ ਚੁੱਕੇ ਸੀ ਪੱਤੇ ਝਾੜ ਦਿੱਤੇ

ਬੜੀ ਹੋਵੇਗੀ ਮੇਰੀ ਅੱਜ ਦੀ ਵੀ ਸ਼ਾਮ ਭਾਰੀ
ਖੜ੍ਹਾ ਹੈ ਦਿਨ ਅਜੇ ਖ਼ੁਸ਼ੀਆਂ ਨੇ ਪੱਲੇ ਝਾੜ ਦਿੱਤੇ

ਲਿਆਵਾਂ ਮੈਂ ਘਟਾ ਕਿੱਥੋਂ ਹਟਾਵਾਂ ਬੋਲਣੋ ਕਿੰਝ
ਕਮੀ ਤੇਰੀ ਨੇ ਮੈਨੂੰ ਬੋਲਦੇ ਜੋ ਹਾੜ ਦਿੱਤੇ

ਨਹੀਂ ਆਇਆ ਤੇਰਾ ਖ਼ਤ ਮੋੜਵਾਂ ਕੀ ਗੱਲ ਹੋਈ
ਪਰਿੰਦੇ ਬਿਨ ਕਸੂਰੋਂ ਪਿੰਜਰੇ ਵਿਚ ਤਾੜ ਦਿੱਤੇ

ਸੁਤੇ-ਸਿਧ ਘਰ ਦੇ ਅੰਬਰ 'ਤੇ ਨਿਗ੍ਹਾ ਜਾਵੇ ਤਾਂ ਪੁੱਛੇ
ਸਿਤਾਰੇ ਮੇਰੇ ਤੂੰ ਕਿੱਥੇ ਲਿਜਾ ਕੇ ਚਾੜ੍ਹ ਦਿੱਤੇ

✪

ਉਜੜੇ ਬਾਗ ਦਾ ਦੋਸ਼ ਲਗਾਉਂਦੇ ਲੋਕ ਬਹਾਰਾਂ ਉਤੇ
ਨਿੱਤ ਨਵਾਂ ਰੰਗ ਆਈ ਜਾਂਦਾ ਪਹਿਰੇਦਾਰਾਂ ਉਤੇ

ਘਰ ਤੋਂ ਬਾਹਰ ਕੋਈ ਕਦ ਤੱਕ ਫੜ ਸਕਦੈ ਪ੍ਰਛਾਵੇਂ
ਹਾਰ ਹੰਭ ਕੇ ਟਿਕ ਜਾਂਦੀ ਹੈ ਛੱਤ ਦੀਵਾਰਾਂ ਉਤੇ

ਘਰ ਦੇ ਸਾਰੇ ਜੀਆਂ ਵਿਚੋਂ ਪੜ੍ਹਦਾ ਕੋਈ-ਕੋਈ
ਘਰ ਦੀ ਹੋਣੀ ਉਕਰੀ ਹੋਈ ਘਰ ਦੇ ਬਾਰਾਂ ਉਤੇ

ਜੋਬਨ, ਸ਼ੁਹਰਤ, ਪੈਸਾ, ਮਿੱਤਰ ਢਲ਼ਦੇ ਨੇ ਪ੍ਰਛਾਵੇਂ
ਫਿਰ ਵੀ ਦੁਨੀਆਂ ਮਾਣ ਕਰੇਂਦੀ ਏਨ੍ਹਾਂ ਚਾਰਾਂ ਉਤੇ

ਇਕ-ਅੱਧ ਪੰਛੀ ਦੀ ਹੀ ਬੋਲੀ ਹੁੰਦੀ ਬਾਗ ਵਿਰੋਧੀ
ਐਪਰ ਜਦ ਵੀ ਗੋਲ਼ੀ ਚਲਦੀ, ਚਲਦੀ ਡਾਰਾਂ ਉਤੇ

ਆਜ਼ਾਦੀ ਦਾ ਸੂਰਜ ਵੀ ਹੈ ਕਾਫ਼ੀ ਬੁੱਢਾ ਹੋਇਆ
ਬਚਪਨ ਫਿਰ ਵੀ ਪਾਲ਼ੇ ਖ਼ੁਦ ਨੂੰ ਤੁਰ ਕੇ ਤਾਰਾਂ ਉਤੇ

ਕੰਡਾ ਪਿੱਛੋਂ ਵਜਦਾ ਪਹਿਲਾਂ ਮੁੜ੍ਹਕਾ ਆ ਜਾਂਦਾ ਹੈ
ਤੁਰਨਾ ਸਿਖਦਾ ਕੋਈ-ਕੋਈ ਹੁਣ ਅੰਗਿਆਰਾਂ ਉਤੇ

ਚੌਰਾਹਿਆਂ 'ਚ ਨ੍ਹੇਰ ਪਸਰਿਆ ਭਟਕ ਰਹੇ ਨੇ ਰਾਹੀ
ਲੱਖਾਂ ਦੀਵੇ ਜਗਦੇ ਬੁਝਦੇ ਰੋਜ਼ ਮਜ਼ਾਰਾਂ ਉਤੇ

ਅਪਣੇ ਹਿੱਸੇ ਦੀ ਧੁੱਪ ਲੋਅ ਨੂੰ ਆਪ ਹੰਢਾ ਲੈ ਬੂਟੇ
ਐਵੇਂ ਸ਼ਿਕਵੇ ਕਰਦਾ ਰਹਿੰਨੈਂ ਮਿੱਤਰਾਂ-ਯਾਰਾਂ ਉਤੇ

✪

ਖ਼ਿਜ਼ਾਂ ਦਾ ਤੋੜ ਕੇ ਜਿੰਦਰਾ ਕਰੂੰਬਲ ਖ਼ਾਬ ਉਣਦੀ ਹੈ
ਹਰੇ ਰੰਗ ਨਾਲ਼ ਪੀਲ਼ਕ ’ਤੇ ਕਥਾ ਵਿਗਸਣ ਦੀ ਖੁਣਦੀ ਹੈ

ਨਹੀਂ ਮਹਿਫ਼ੂਜ਼ ਕੋਈ ਵੀ ਦਿਸ਼ਾ ਮੱਛੀਆਂ ਦੀ ਖ਼ਾਤਿਰ ਹੁਣ
ਨਦੀ ਹਮਰਾਜ਼ ਹੈ ਉਸਦੀ ਬਦੀ ਜੋ ਜਾਲ਼ ਬੁਣਦੀ ਹੈ

ਨਹੀਂ ਟਿਕਦੀ ਟਿਕਾਈ ਬਹੁਤਾ ਚਿਰ ਅਣਚਾਹੇ ਰੰਗ ਉਤੇ
ਨਜ਼ਰ ਹਰ ਆਪਣੇ ਵਰਗਾ ਟਿਕਣ ਲਈ ਰੰਗ ਚੁਣਦੀ ਹੈ

ਦਿਖਾਈ ਦੇ ਰਹੇ ਸਭ ਨੂੰ ਖ਼ਿਜ਼ਾਂ ਬਿਨ ਝੜ ਰਹੇ ਪੱਤੇ
ਬੜੇ ਘੱਟ ਲੋਕ ਨੇ ਚਿੰਤਾ ਜਿਨ੍ਹਾਂ ਨੂੰ ਜੜ ਦੇ ਘੁਣ ਦੀ ਹੈ

ਨਵਾਂ ਕੁਝ ਤਾਂ ਕਰੇ ਦੁਨੀਆਂ ਬੜਾ ਕੁਝ ਕਰਨ ਵਾਲਾ ਹੈ
ਚਿਰਾਂ ਤੋਂ ਓਹੀ ਪਾਣੀ ਹੈ ਉਸੇ ਨੂੰ ਰੋਜ਼ ਪੁਣਦੀ ਹੈ

✪

ਬਚੀ ਜਿੰਨੀ ਕੁ ਵੀ ਪਲਕਾਂ ਦੀ ਛਾਂ ਹੈ
ਅਜੇ ਵੀ ਗੁਆਚੀਆਂ ਪੈੜਾਂ ਦੇ ਨਾਂ ਹੈ

ਖਿਲਾਰੇ ਆਲ੍ਹਣਾ ਨਾ ਆਪਣਾ ਖ਼ੁਦ
ਦੁਬਾਰਾ ਆਲ੍ਹਣਾ ਬਣਦਾ ਮਸਾਂ ਹੈ

ਰਜਾਵੇਗਾ ਕਿਵੇਂ ਇਹ ਮੇਰੀ ਰੂਹ ਨੂੰ
ਪੁਰਾਣਾ ਖ਼ਾਬ ਹੈ ਚਿਹਰਾ ਨਵਾਂ ਹੈ

ਨਿਹੱਥੇ ਲੋਕ ਹੀ ਕਹਿੰਦੇ ਸੁਣੇ ਨੇ
ਕਿਹੋ ਜਾ ਆ ਗਿਆ ਮਾੜਾ ਸਮਾਂ ਹੈ

ਕਰੋ ਪਹਿਲਾਂ ਸਿਰਾਂ ਦਾ ਬੋਝ ਸਾਂਝਾ
ਰੁਕੇ ਜੀਵਨ ਨੂੰ ਕਰਨਾ ਜੇ ਰਵਾਂ ਹੈ

ਵਿਚਾਲੇ ਆਪਣੇ ਜੋ ਫ਼ਾਸਲਾ ਹੈ
ਭਲਾਂ ਇਹ ਕੌਣ ਹੈ ਜੋ ਦਰਮਿਆਂ ਹੈ

✪

ਦੁਪਹਿਰੇ ਜਦ ਕਿਸੇ ਘਰ ਦੀ ਤਿਹਾਈ ਵੇਲ ਸੜਦੀ ਹੈ
ਗੁਆਂਢੀ ਦੇ ਹਰੇ ਬੂਟੇ ਦੀ ਕਾਹਤੋਂ ਹਿੱਕ ਠਰਦੀ ਹੈ

ਨਹੀਂ ਇਕ ਦਿਨ 'ਚ ਮਰਦਾ ਆਦਮੀ ਸਾਨੂੰ ਭੁਲੇਖਾ ਹੈ
ਮਰੇ ਓਨਾ ਉਸੇ ਥਾਂ ਜਿੰਨੀ ਜਿੱਥੇ ਰੀਝ ਮਰਦੀ ਹੈ

ਚੜ੍ਹਾ ਲੈਂਦਾ ਗਗਨ 'ਤੇ ਆਪਣੀ ਗੁੱਡੀ ਹਰਿਕ ਬੰਦਾ
ਮਗਰ ਨਾ ਗੱਲ ਸਭ ਦੀ ਸਭਦਿਆਂ ਮੂੰਹਾਂ 'ਤੇ ਚੜ੍ਹਦੀ ਹੈ

ਸਹਾਰੇ ਆਸਰੇ ਔਖੀ ਘੜੀ ਵਿਚ ਸਾਥ ਦਿੰਦੇ ਨਾ
ਹਨ੍ਹੇਰੀ ਆਉਣ 'ਤੇ ਜੜ ਆਪਣੀ ਹੀ ਨਾਲ਼ ਖੜ੍ਹਦੀ ਹੈ

ਜਿਨ੍ਹਾਂ ਦੇ ਵਿਹੜਿਆਂ ਨੂੰ ਖਾ ਲਿਆ ਕੰਧਾਂ ਤੇ ਛੱਤਾਂ ਨੇ
ਉਨ੍ਹਾਂ ਨੂੰ ਇਲਮ ਨੀਂ ਹੁੰਦਾ ਕਿਹੋ ਜੀ ਧੁੱਪ ਚੜ੍ਹਦੀ ਹੈ

✪

ਜੇ ਕਦੇ ਫ਼ੁਰਸਤ ਮਿਲੀ ਤਾਂ ਰਿਸ਼ਤਿਆਂ ਦੇ ਪਾਰ ਹੋਣਾ
ਤੇਰੇ ਘਰ ਅੰਦਰ ਵੀ ਛੁਪਿਆ ਲਾਜ਼ਮੀ ਬਾਜ਼ਾਰ ਹੋਣਾ

ਜਿਸ ਤਰ੍ਹਾਂ ਦੀ ਬੋਲੀ ਕੋਈ ਸਮਝਦਾ ਹੋਵੇ ਉਹ ਬੋਲੀਂ
ਸਭ ਲਈ ਨਾ ਫੁੱਲ ਹੋਣਾ, ਸਭ ਲਈ ਨਾ ਖ਼ਾਰ ਹੋਣਾ

ਜਿਸ ਤਰ੍ਹਾਂ ਅੰਬਰ ਦੇ ਉਤੇ ਹਰ ਤਰਫ਼ ਦਿਸਦਾ ਖ਼ਿਲਾਅ ਹੈ
ਸਿਮਟ ਕੇ ਹਰਫ਼ਾਂ 'ਚ ਮੇਰਾ ਵੀ ਇਵੇਂ ਵਿਸਥਾਰ ਹੋਣਾ

ਆਦਮੀ ਤੇ ਪੰਛੀਆਂ ਵਿਚ ਰਾਤ-ਦਿਨ ਦਾ ਫ਼ਰਕ ਹਾਲੇ
ਆਦਮੀ ਨਿੱਖੜ ਕੇ ਤੁਰਦੇ ਪੰਛੀ ਚਾਹੁੰਦੇ ਡਾਰ ਹੋਣਾ

ਸ਼ਾਮ ਨੂੰ ਪਰਛਾਵੇਂ ਜਿੱਦਾਂ ਕੋਠਿਆਂ ਤੋਂ ਸਰਕਦੇ ਨੇ
ਸੋਚਿਆ ਨਾ ਸੀ ਤੇਰਾ ਓਨ੍ਹਾਂ ਜਿਹਾ ਇਕਰਾਰ ਹੋਣਾ

ਬੀਜ ਅੰਦਰ ਜੋ ਵੀ ਹੁੰਦਾ ਵਿਗਸਦਾ ਹੈ ਓਹੀ ਆਖ਼ਿਰ
ਰੁੱਖ ਕਿਹੜਾ ਸੋਚਦਾ ਨਾ ਦੋਸਤੋ ਫਲਦਾਰ ਹੋਣਾ

ਕੌਣ ਚੁੱਕੂ ਕੌਣ ਵਾਹੂ ਝਿਜਕਦਾ ਇਹ ਸੋਚ ਕੇ ਹੈ
ਮੇਰੇ ਅੰਦਰਲਾ ਜੋ ਲੋਹਾ ਲੋਚਦਾ ਤਲਵਾਰ ਹੋਣਾ

ਜਿਸ ਤਰ੍ਹਾਂ ਸੋਚੇ ਜ਼ਮਾਨਾ ਹੂ-ਬ-ਹੂ ਨਾ ਸੋਚ ਐਵੇਂ
ਵੱਖਰਾ ਸੋਚੇ ਤੋਂ ਹੀ ਵੱਖਰਾ ਤੇਰਾ ਸੰਸਾਰ ਹੋਣਾ

ਅੱਧ ਵਿਚਾਲੇ ਕਿਉਂ ਸਮੁੰਦਰ ਦੇ ਤੁਸੀਂ ਲਭਦੇ ਹੋ ਬੂਟਾ
ਦੋ ਠਿਕਾਣੇ ਓਸ ਦੇ ਨੇ ਆਰ ਜਾਂ ਉਹ ਪਾਰ ਹੋਣਾ

✪

ਪਲਕੀਂ ਆਏ ਹੰਝੂ ਭਾਵੇਂ ਬਹੁਤਾ ਚਿਰ ਨਾ ਟਿਕਦੇ
ਦੇਣ ਜਿਨ੍ਹਾਂ ਦੀ ਹੋਣ ਉਨ੍ਹਾਂ ਦਾ ਨਾਮ ਨਜ਼ਰ 'ਤੇ ਲਿਖਦੇ

ਕੱਦੋਂ ਉੱਚੇ ਪਰਬਤ 'ਤੇ ਜਦ ਨਿਗ੍ਹਾ ਟਿਕੇ ਬੰਦੇ ਦੀ
ਪੈਰਾਂ ਵਿੱਚ ਖਲੋਤੇ ਹੋਏ ਹਾਣੀ ਵੀ ਨਾ ਦਿਸਦੇ

ਤਾਂ ਹੀ ਬੂਟੇ ਵਧਣੋ ਫੁੱਲਣੋ ਪਹਿਲਾਂ ਨਿੱਸਰ ਜਾਂਦੇ
ਵੱਡੇ ਰੁੱਖਾਂ ਦੀ ਹੋਣੀ ਤੋਂ ਨਹੁੰ ਭਰ ਵੀ ਨਾ ਸਿਖਦੇ

ਮੈਂ ਰਾਹਾਂ ਦੀ ਮਿੱਟੀ ਕੰਗਲੀ ਪੈੜ ਸੰਭਾਲਾਂ ਕੀਹਦੀ
ਧਰਤੀ ਦੇ ਪੁੱਤ ਪੰਛੀ ਹੋਏ ਪੈਰ ਹਵਾ 'ਤੇ ਟਿਕਦੇ

ਸੋਹਣੇ ਚਿਹਰੇ ਲਭਦਾ ਰਹਿੰਨੈਂ ਗ਼ਜ਼ਲਾਂ ਲਿਖਣ ਲਈ ਤੂੰ
ਘਰ ਦੀ ਭੁਰਦੀ ਦੇਹਲੀ ਉਤੇ ਵੀ ਦੋ ਅੱਖਰ ਲਿਖ ਦੇ

ਰੌਸ਼ਨੀਆਂ ਦੇ ਗਲਬੇ ਲਾਹ ਕੇ ਮਜਲਿਸ ਦੇ ਵਿਚ ਆਈਂ
ਦਰਵੇਸ਼ਾਂ ਦੀ ਨਿਆਈਂ ਦੇ ਵਿਚ ਲਿਸ਼ਕਾਰੇ ਨਾ ਟਿਕਦੇ

ਭਾਰ ਉਨ੍ਹਾਂ ਦਾ ਸਹਿੰਦੀ ਸਹਿੰਦੀ ਧਰਤੀ ਨੀਵੀਂ ਹੋਈ
ਧਰਤੀ 'ਤੇ ਜੋ ਵੇਖਣ ਆਏ ਸੂਰਜ ਚੜ੍ਹਦੇ ਛਿਪਦੇ

ਬੂਟੇ ਦੀ ਛਾਂ ਮਾਣ ਕੇ ਇਕ-ਦੋ ਭੁਲਦੇ, ਨਾਂ ਦੱਸ ਦਿੰਦਾ
ਲੰਮੀ ਦਰਦ ਕਹਾਣੀ ਉਸਦੀ ਨਾਮ ਲਵੇ ਕਿਸ ਕਿਸ ਦੇ

✪

ਚੁਭ ਰਹੀ ਹੈ ਤਾਰਿਆਂ ਦੀ ਚਾਨਣੀ
ਚੰਨ ਵੀ ਬੱਦਲ ਦੇ ਓਹਲੇ ਆ ਗਿਆ
ਚੁੱਪ ਦੀ ਸੂਲ਼ੀ ਤਿਖੇਰੀ ਹੋ ਗਈ
ਖ਼ਾਬ ਈਸਾ ਵਾਂਗ ਹੈ ਲਟਕਾ ਗਿਆ

ਜੱਗ ਨੇ ਸੌਣਾ ਸੀ ਆਖ਼ਿਰ ਸੌਂ ਗਿਆ
ਰਾਤ ਦਾ ਚਿਹਰਾ ਵੀ ਕਾਫ਼ੀ ਭਉਂ ਗਿਆ
ਨੀਂਦ ਤਾਰੇ ਵਾਂਗ ਫਿਰ ਵੀ ਦਿਸ ਰਹੀ
ਵਿਚ-ਵਿਚਾਲੇ ਬਹੁਤ ਕੁਝ ਹੈ ਆ ਗਿਆ

ਜੀਅ ਕਰੇ ਮੈਨੂੰ ਤੂੰ ਆ ਕੇ ਨਾ ਮਿਲੀਂ
ਰਾਹ 'ਚ ਵੀ ਫੁੱਲ ਵਾਂਗ ਭਾਵੇਂ ਨਾ ਖਿਲੀਂ
ਪਰ ਕਦੇ ਦੱਸੀਂ ਤੇਰਾ ਕੋਮਲ ਜਿਹਾ
ਮਿਲਦਾ-ਮਿਲਦਾ ਹੱਥ ਕਿਉਂ ਪਥਰਾ ਗਿਆ

ਸਾਡੇ ਵਿਹੜੇ ਵਿਚ ਸੁੱਕਾ ਰੁੱਖ ਜੋ
ਸਾਂਭੀ ਬੈਠਾ ਪੁਰਖਿਆਂ ਦੇ ਦੁੱਖ ਜੋ
ਹਾਰ ਕੇ ਕਾਹਦਾ ਮੈਂ ਉਹਨੂੰ ਵੇਖਿਆ
ਦੁੱਖ ਸਾਰਾ ਮੇਰੇ ਨੈਣੀਂ ਆ ਗਿਆ

ਧਰਤ 'ਤੇ ਕੀ ਪੁੰਨ ਤੇ ਕੀ ਪਾਪ ਹੈ
ਚਿੱਟੇ ਦਿਨ ਦੇ ਵਾਂਗ ਇਹ ਵੀ ਸਾਫ਼ ਹੈ
ਡਾਢ੍ਹਿਆਂ ਦੇ ਹੱਥ ਤਰਾਜ਼ੂ ਆ ਗਿਆ
ਹੌਲ਼ੇ ਕਰ-ਕਰ ਜੋ ਅਸਾਨੂੰ ਖਾ ਗਿਆ

ਬੂਟਿਆ ਕੰਧ ਵਿਚ ਕਾਹਤੋਂ ਉਗਿਆ
ਧਰਤ ਦੇ ਸੰਗ ਕਾਸਤੋਂ ਨਾ ਪੁੱਗਿਆ
ਕੌਣ ਮਾਣੂ ਲਟਕਦੀ ਇਹ ਛਾਂ ਤੇਰੀ
ਕੌਣ ਤੇਰਾ ਘਰ ਹਵਾ ਵਿਚ ਪਾ ਗਿਆ

✪

ਹੱਸਣਾ ਪੈਂਦੈ ਨਾ ਸਭ ਨੂੰ ਦਿਲ ਵਿਖਾ ਹੁੰਦਾ
ਸਾਬਤੇ ਘਰ ਵਿੱਚ ਵੀ ਇਕ ਘਰ ਢਿਹਾ ਹੁੰਦਾ

ਮੈਂ ਜਿਵੇਂ ਸੀ ਬਾ-ਵਫ਼ਾ ਤੂੰ ਬਾ-ਵਫ਼ਾ ਹੁੰਦਾ
ਵਕਤ ਮੇਰੇ ਲਈ ਵੀ ਇਹ ਫੁੱਲਾਂ ਜਿਹਾ ਹੁੰਦਾ

ਢਾਣੀਆਂ ਜਿੱਥੇ ਨੇ ਹਰ ਥਾਂ ਕਾਫ਼ਲਾ ਹੁੰਦਾ
ਰਾਤ ਨੂੰ ਜੇ ਰਾਤ ਦਿਨ ਨੂੰ ਦਿਨ ਕਿਹਾ ਹੁੰਦਾ

ਕੱਚੀਆਂ ਨੀਂਦਾਂ 'ਚ ਵੀ ਆਉਣੋ ਨਹੀਂ ਹਟਦਾ
ਖ਼ਾਬ ਜਿਹੜਾ ਆਤਮਾ ਦੇ ਵਿਚ ਲਿਹਾ ਹੁੰਦਾ

ਜੜ ਪਿਛਾਂਹ ਹੱਥ ਖਿੱਚਦੀ ਝੜਦੇ ਹਰੇ ਪੱਤੇ
ਜੋ ਵੀ ਹੁੰਦਾ ਹੈ ਕਦੇ ਨਾ ਬਿਨ ਵਜ੍ਹਾ ਹੁੰਦਾ

ਪਿਆਰ ਦਾ ਬੂਟਾ ਕਦੇ ਲਾਇਆਂ ਨਹੀਂ ਲਗਦਾ
ਪਿਆਰ ਦਾ ਬੂਟਾ ਬਿਨਾਂ ਲਾਇਆਂ ਹਰਾ ਹੁੰਦਾ

✪

ਮੇਰਾ ਹਰ ਸਾਹ ਮੇਰਾ ਹਰ ਪਲ ਤੇਰੇ ਨਾਂ
ਮੋਹ ਤੇ ਖੋਹ 'ਚੋਂ ਉਠਦੀ ਹਰ ਛੱਲ ਤੇਰੇ ਨਾਂ

ਸਫ਼ਰ ਦਾ ਹਾਸਿਲ ਜੋ ਸੀ ਤੈਨੂੰ ਦੇ ਦਿੱਤਾ
ਪਰ ਨਾ ਕਰਿਆ ਮੈਂ ਅਪਣਾ ਥਲ ਤੇਰੇ ਨਾਂ

ਪੌਣਾਂ ਦੇ ਮੂੰਹ ਮੋੜੇ ਨਾਲ਼ ਵਫ਼ਾ ਦੇ ਮੈਂ
ਚਾਨਣ ਕਰਿਆ ਮੈਂ ਖ਼ੁਦ ਬਲ਼-ਬਲ਼ ਤੇਰੇ ਨਾਂ

ਚੰਨ ਦਾ ਚਾਨਣ, ਤਾਰੇ, ਜੁਗਨੂੰ, ਠੰਡੀ ਛਾਂ
ਸ਼ਬਨਮ, ਖ਼ੁਸ਼ਬੂ, ਨੀਰ ਦੀ ਕਲ-ਕਲ ਤੇਰੇ ਨਾਂ

ਭਾਵੇਂ 'ਕੇਰਾਂ ਲਾ ਕੇ ਨਾ ਤੂੰ ਸਾਰ ਲਈ
ਪਰ 'ਬੂਟੇ' ਦੇ ਪੱਤੇ ਫੁੱਲ ਫਲ਼ ਤੇਰੇ ਨਾਂ

✪

ਦਰਦ ਦ੍ਵੇ ਦੇ ਦਰਦ ਲੈ ਲੈ ਦਰਦ ਦਾ ਰਿਸ਼ਤਾ ਬਣੇ
ਹਰਫ਼ ਐਵੇਂ ਰੁਲ਼ ਰਹੇ ਨੇ ਸਾਂਝ ਦਾ ਕਿੱਸਾ ਬਣੇ

’ਡੀਕਣੋਂ ਹਟ ਜਾਂਵਦੀ ਖਪ-ਖਪ ਰਮਾਈ ਹਰ ਜ਼ਮੀਂ
ਏਨਾ ਵੀ ਨਾ ਵਹਿਣ ਖੁੱਲ੍ਹਾ ਦੋਸਤੋ ਬੰਦਾ ਬਣੇ

ਪੱਤਿਆਂ ਨੂੰ ਲੂਹੀ ਜਾਣਾ ਕਾਹਦੀ ਹੈ ਸੂਰਮਗਤੀ
ਲੋਅ ਦੀ ਜੂਨੀ ਪੈਣ ਨਾਲ਼ੋਂ ਪੌਣ ਦਾ ਬੁੱਲਾ ਬਣੇ

ਪੌਣ ਦੀ ਤੇ ਰਸਤਿਆਂ ਦੀ ਜਾਤ ਜੀਹਨੇ ਜਾਣਨੀ
ਸ਼ਾਖ਼ ’ਤੇ ਲਹਿਰਾਉਣ ਨਾਲ਼ੋਂ ਟੁੱਟਿਆ ਪੱਤਾ ਬਣੇ

ਫੇਰ ਜਾਣੂ ਮੇਰੀ ਵੀ ਕੋਈ ਨਾ ਕੋਈ ਹੋਂਦ ਹੈ
ਜੇ ਉਚਾਰੇ ਬੋਲ ਮੇਰੇ ਬਹਿਸ ਦਾ ਮੁੱਦਾ ਬਣੇ

✪

ਪਾਣੀਆਂ ਤੋਂ ਪਤਲੀਆਂ ਜੇ ਪੈਂਦੀਆਂ ਨਾ ਯਾਰੀਆਂ
ਡਰਦੇ-ਡਰਦੇ ਖੋਲ੍ਹਦੇ ਨਾ ਲੋਕ ਬੂਹੇ-ਬਾਰੀਆਂ

ਲੋਕ-ਗੀਤਾਂ ਨੂੰ ਹੰਢਾਵਣ ਵਾਲੀਆਂ ਵੀ ਗੁਆਚੀਆਂ
ਨਾ ਕਹੋ ਕਿ ਗੁਆਚੀਆਂ ਨੇ 'ਕੱਲੀਆਂ ਫੁਲਕਾਰੀਆਂ

ਇਹ ਨਾ ਦੇਖੋ ਬਿਨ ਰੁਕੇ ਤੋਂ ਪੌਣ ਸੀ ਵਗਦੀ ਰਹੀ
ਦੇਖੋ ਇਹ ਵੀ ਤਪਦੀਆਂ ਕਿੰਨੀਆਂ ਕੁ ਹਿੱਕਾਂ ਠਾਰੀਆਂ

ਦਿਲ 'ਚ ਡੁੱਬਣ ਵਾਸਤੇ ਕਾਫ਼ੀ ਨਹੀਂ ਤਿਰਛੀ ਨਿਗ੍ਹਾ
ਨੀਰ ਗਹਿਰਾ ਜੇ ਨਾ ਹੋਵੇ ਲਗਦੀਆਂ ਨਾ ਤਾਰੀਆਂ

ਕੀ ਉਡਾਰੀ ਉੱਚੀ ਹੋਣੀ ਕੀ ਗਗਨ 'ਤੇ ਪੁੱਜਣਾ
ਖੰਭ ਹੌਲ਼ੇ ਪੰਛੀਆਂ ਦੇ ਲਾਲਸਾਵਾਂ ਭਾਰੀਆਂ

ਸੀਤ ਬੁੱਲੇ ਵਾਂਗ ਤੇਰੀ ਯਾਦ ਆਈ ਤੇ ਗਈ
ਬਰਫ਼ ਪਿਘਲੀ ਸੀਤ ਬੂੰਦਾਂ ਬਣ ਗੀਆਂ ਚਿੰਗਾਰੀਆਂ

ਨਾ ਉਹ ਆਇਆ ਨਾ ਹੀ ਮੇਰੀ ਨਜ਼ਰ ਤੋਂ ਉਹ ਡਿੱਗਿਆ
ਤੀਲਿਆਂ ਵਿਚ ਓਵੇਂ ਰਹੀਆਂ ਧੁਖਦੀਆਂ ਅੰਗਿਆਰੀਆਂ

ਹੋਂਦ ਕੀ ਬਣਨੀ ਸੀ ਰਹੀਆਂ ਜੰਮਦੀਆਂ ਤੇ ਮਰਦੀਆਂ
ਸ਼ਿਕਰਿਆਂ ਦੇ ਡਰ ਦਾ ਕੂੰਜਾਂ ਬੋਝ ਚੁਕ-ਚੁਕ ਹਾਰੀਆਂ

✪

ਤੂੰ ਖ਼ੁਸ਼ ਰਹਿ ਬੱਸ ਮੇਰਾ ਕੀ ਹੈ
ਤੇਰਾ ਜੀਅ ਵੀ ਮੇਰਾ ਜੀਅ ਹੈ

ਇਕ ਦੂਜੇ ਨੂੰ ਦੋਸ਼ ਕੀ ਦੇਣਾ
ਜੀਵਨ ਹੀ ਇਹ ਦਰਦਮਈ ਹੈ

ਕਰ ਦੇਵੇਗਾ ਵਕਤ ਨਬੇੜਾ
ਕੌਣ ਗ਼ਲਤ ਤੇ ਕੌਣ ਸਹੀ ਹੈ

ਲਗਦੈ ਤੇਰੀ ਆਮਦ ਹੋਣੀ
ਸੁੱਕੀ ਟਾਹਣੀ ਫੁੱਟ ਰਹੀ ਹੈ

ਮਾਣ ਰਹੇ ਨੇ ਹੋਰ ਵੀ ਭਾਵੇਂ
ਮੇਰੀ ਕਵਿਤਾ ਓਸ ਲਈ ਹੈ

ਸੀਤ ਹਵਾ ਦਾ ਗੀਤ ਲਿਖੇ ਕੀ
ਬੂਟੇ ਤੋਂ ਕਦ ਧੁੱਪ ਗਈ ਹੈ

✪

ਆਪ ਕੁਝ ਆਖਣ ਤੋਂ ਪਹਿਲਾਂ ਜੱਗ ਨੂੰ ਸੁਣਨਾ ਪਊ
ਜੋ ਪਿਆ ਝੋਲ਼ੀ 'ਚ ਆ ਕੇ ਛਾਣਨਾ ਪੁਣਨਾ ਪਊ

ਸੋਨ ਕਣ ਤੇ ਰੇਤ ਕਣ ਇਕੋ ਜਿਹੇ ਨੇ ਜਿਸ ਲਈ
ਕੀ ਪਤਾ ਸੀ ਉਸ ਤਰਾਜ਼ੂ ਵਿਚ ਵੀ ਤੁਲਨਾ ਪਊ

ਆਪ ਆਏ ਖ਼ਾਬ ਦੇ ਪੈਰਾਂ ਜਿਹਾ ਨਾ ਹੋਇਗਾ
ਖ਼ਾਬ ਮਜ਼ਬੂਰੀ 'ਚ ਜਿਹੜਾ ਜੀਣ ਲਈ ਬੁਣਨਾ ਪਊ

ਜੇ ਸਮੇਂ ਦੀ ਤੋਰ 'ਥੋਡੀ ਅੱਖ ਨੂੰ ਭਾਉਂਦੀ ਨਹੀਂ
ਖ਼ਾਰ ਵਾਂਗੂੰ ਉਸਦਿਆਂ ਪੈਰਾਂ 'ਚ ਵੀ ਪੁੜਨਾ ਪਊ

ਇਹ ਵੀ ਮੈਨੂੰ ਦਿਨ ਵਿਖਾਉਣੇ ਸੀ ਅਭਾਗੇ ਰਿਜਕ ਨੇ
ਵੇਖਣਾ ਅਣਚਾਹਿਆ, ਅਣਚਾਹਿਆ ਸੁਣਨਾ ਪਊ

✪

ਮਿਲਦਾ ਨਾ ਉਹਨੂੰ ਕੋਈ ਪਲਕੀਂ ਬਿਠਾਣ ਵਾਲਾ
ਮੇਰਾ ਖ਼ੁਆਬ ਅੱਗ ਦੇ ਵਸਤਰ ਹੰਢਾਣ ਵਾਲਾ

ਹੇਠੋਂ ਉਤਾਂਹ ਨੂੰ ਕਾਫ਼ੀ ਉਸਨੂੰ ਵਧਾ ਲਿਆ ਮੈਂ
ਰਸਤਾ ਤੂੰ ਦੇ ਗਿਆ ਸੀ ਜਿਹੜਾ ਢਲਾਣ ਵਾਲਾ

ਰਸ–ਮੋੜ ਬਾਗ ਦੇ ਲਈ ਤੂਫ਼ਾਨ ਤੇ ਬਲਾ ਹਾਂ
ਬੁੱਲਾ ਨਹੀਂ ਮੈਂ ਸੁੱਕੇ ਪੱਤੇ ਉਡਾਣ ਵਾਲਾ

ਸਮਿਆਂ ਦੀ ਮਾਰ ਹੇਠਾਂ ਸਾਲਾਂ ਦੇ ਸਾਲ ਖਪਦੇ
ਟਾਵਾਂ ਹੀ ਕੋਈ ਬਚਦਾ ਜਜ਼ਬਾ ਉਡਾਣ ਵਾਲਾ

ਆਉਣਾ ਵੀ ਸਫ਼ਲ ਉਸਦਾ ਜਾਣਾ ਵੀ ਸਫ਼ਲ ਉਸਦਾ
ਮਹਿਫ਼ਿਲ ਵੀਰਾਨ ਕਰ ਜੋ ਮਹਿਫ਼ਿਲ 'ਚੋਂ ਜਾਣ ਵਾਲਾ

✪

ਧਰਤ ਦਾ ਕੜ ਪਾੜਨਾ ਪੈਂਦਾ ਹੈ ਉਪਜਣ ਵਾਸਤੇ
ਉਲਝਿਆਂ ਨੂੰ ਕੀ ਨੀ ਕਰਨਾ ਪੈਂਦਾ ਸੁਲਝਣ ਵਾਸਤੇ

ਕਦ ਕਿਸੇ ਮੌਸਮ ਨੇ ਚਿੱਤੋਂ ਚਾਹਿਆ ਹੈ ਇਹ ਭਲਾਂ
ਜ਼ਹਿਰ ਨਾ ਪੀਣਾ ਪਵੇ ਪੌਣਾਂ ਨੂੰ ਰੁਮਕਣ ਵਾਸਤੇ

ਸਫ਼ਰ ਵਿਚ ਉਹ ਆਈਨੇ ਲਾਚਾਰ ਹੋ ਜਾਂਦੇ ਬੜੇ
ਜੋ ਬਣੇ ਹੁੰਦੇ ਘਰਾਂ ਦੀ ਕੈਦ ਭੁਗਤਣ ਵਾਸਤੇ

ਰੌਸ਼ਨੀ ਹੁੰਦੀ ਨਹੀਂ ਕਰਦਾ ਕੋਈ ਆ ਕੇ ਹੋਰ ਹੈ
ਅੱਗ ’ਚੋਂ ਹੀ ਜਨਮਦੇ ਅੰਗਿਆਰ ਸੁਲਗਣ ਵਾਸਤੇ

ਖ਼ਾਰ ਜਿੱਥੇ ਸੀ ਮੈਂ ਓਥੇ ਫੁੱਲ ਲਗਦਾ ਵੇਖਿਆ
ਸੋਚਣਾ ਆਖ਼ਿਰ ਪਿਆ ਮੈਨੂੰ ਵੀ ਦੁਸ਼ਮਣ ਵਾਸਤੇ

ਓਪਰੀ ਧਰਤੀ ’ਤੇ ਮਜ਼ਬੂਰੀ ’ਚ ਲਾਈ ਜੜ ਅਸੀਂ
ਆਪਣੀ ਮਿੱਟੀ ਨਾ ਸੀ ਜਰਖ਼ੇਜ਼ ਉਗਮਣ ਵਾਸਤੇ

ਰਾਗ ਵੇਲ਼ੇ ਦਾ ਕਦੇ ਬੂਟੇ ਨੇ ਸੁਣਿਆ ਹੀ ਨਹੀਂ
ਸੁਕਦੀਆਂ ਸ਼ਾਖ਼ਾਂ ਕਬੂਤਰ ਆਉਣ ਗੁਟਕਣ ਵਾਸਤੇ

✪

ਪਲਾਂ ਵਿਚ ਕੋਲ਼ ਹੋ ਜਾਣਾ ਪਲਾਂ ਵਿਚ ਦੂਰ ਹੋ ਜਾਣਾ
ਕਦੇ ਨਾ ਸੋਚਿਆ ਸੀ ਜੱਗ ਦਾ ਦਸਤੂਰ ਹੋ ਜਾਣਾ

ਕਿਸੇ ਢੁਕਵੇਂ ਸਮੇਂ ਜੁਰਅਤ ਕਰੀ ਹੈ ਰਾਸ ਆ ਜਾਂਦੀ
ਨਹੀਂ ਮੁਸ਼ਕਿਲ ਬੜਾ ਹੈ ਲੋਕਤਾ ਦਾ ਨੂਰ ਹੋ ਜਾਣਾ

ਤੁਹਾਡੀ ਨਜ਼ਰ ਕੀ ਚੜ੍ਹਿਆ ਨਗੀਨਾ ਹੋ ਗਿਆ ਹਾਂ ਮੈਂ
ਤੁਸੀਂ ਨੀਵੀਂ ਨਜ਼ਰ ਕੀਤੀ ਮੈਂ ਡਿਗ ਕੇ ਚੂਰ ਹੋ ਜਾਣਾ

ਵਧਾ ਕੇ ਕਈ ਗੁਣਾਂ ਮੁੱਲ ਆਪਣਾ ਮਗ਼ਰੂਰ ਹੋਏ ਹੋ
ਹਨ੍ਹੇਰਾ ਕਰ ਲਿਆ ਆਪੇ ਦਫ਼ਨ ਵਿਚ ਨੂਰ ਹੋ ਜਾਣਾ

ਬੜੇ ਰੁੱਖ ਨੇ ਜਿਨ੍ਹਾਂ ਨੂੰ ਹਾਲੇ ਤੱਕ ਵੀ ਫਲ ਨਹੀਂ ਲੱਗੇ
ਕਹਾਣੀ ਤੁਰ ਸਕੇ ਅੱਗੇ ਉਨ੍ਹਾਂ ਲਈ ਬੂਰ ਹੋ ਜਾਣਾ

✪

ਤਾਰੇ ਆਪੇ ਚੜ੍ਹ ਜਾਂਦੇ ਨੇ ਨਿੰਵ ਕੇ ਰਾਹ ਨਾ ਤੱਕੇ
ਥਾਂ ਸਿਰ ਰਹਿ ਕੇ ਅਪਣੇ ਮਨ ਦਾ ਅੰਬਰ ਉੱਚਾ ਰੱਖੇ

ਅਪਣਾ ਮੁੱਲ ਵਧਾ ਕੇ ਨੀਵਾਂ ਵੇਖਣ ਲੱਗ ਪੈਂਦੀ ਹੈ
ਚੰਗੀ ਸ਼ੈਅ ਨੂੰ ਬਹੁਤਾ ਵੀ ਨਾ ਸਾਂਭ-ਸਾਂਭ ਕੇ ਰੱਖੇ

ਅੱਗ ਅਤੇ ਪਾਣੀ ਦਾ ਕੋਈ ਮੇਲ ਨਹੀਂ ਹੈ ਫਿਰ ਵੀ
ਵਗਦੇ ਹੰਝੂਆਂ ਵਿਚ ਵੀ ਜਗਦੇ ਆਸ ਦੇ ਦੀਵੇ ਰੱਖੇ

ਹੋਰ ਤਿਖੇਰੀ ਕਰ ਨਾ ਐਵੇਂ ਤਨਹਾਈ ਦੀ ਸੂਲ਼ੀ
ਛੱਡ ਮਨਾਂ ਹੁਣ ਬਹੁਤ ਪਰਖ ਲੇ ਭਾਂਡੇ ਪੱਕੇ ਕੱਚੇ

ਇਸਨੂੰ ਮੇਟਣ ਆਏ ਖ਼ੌਰੇ ਕਿੰਨੇ ਹੋ-ਹੋ ਤੁਰ ਗੇ
ਆਦਿ ਕਾਲ ਤੋਂ ਲਾਈ ਬੈਠਾ ਪੈਰ ਹਨ੍ਹੇਰਾ ਪੱਕੇ

ਕਰਿਆ ਪੈਂਡਾ ਦੂਰ ਦੁਰੇਡੇ ਲੈ ਜਾਂਦਾ ਹੈ ਆਖ਼ਿਰ
ਇਕੋ ਜਗ੍ਹਾ ਖੜ੍ਹਾਈ ਰਖਦੇ ਪੈਰ ਧਰਤੀਓਂ ਚੱਕੇ

✪

ਇਸ ਤਰ੍ਹਾਂ ਦੀ ਆਪਣੀ ਫ਼ਿਤਰਤ ਕਰੋ
ਐਬ ਜਿੱਥੇ ਵੀ ਦਿਸੇ ਨਫ਼ਰਤ ਕਰੋ

ਤੋੜਦਾ ਹੈ ਜੋ ਅਸਾਨੂੰ ਆਖਦਾ
ਰਸਤਾ ਆਪੋ-ਆਪਣਾ ਪੱਧਰ ਕਰੋ

ਰੱਖ ਲਉ ਕੁਝ ਖ਼ਾਬ ਬੀਜਣ ਵਾਸਤੇ
ਦਿਲ ਨੂੰ ਨਾ ਏਨਾ ਤੁਸੀਂ ਬੰਜਰ ਕਰੋ

ਉੱਡ ਗਏ ਪੰਛੀ ਤਾਂ ਸਭ ਮੁੜ ਆਉਣਗੇ
ਸੋਚ ਵਿਚੋਂ ਬੇ-ਦਖ਼ਲ ਖੰਜਰ ਕਰੋ

ਸੁਖ਼ਨਵਰ ਹਾਂ ਲੈ ਲੋ ਧਰਤੀ ਆਪਣੀ
ਮੇਰੇ ਨਾਂ ਪਰ ਖੋਹਿਆ ਅੰਬਰ ਕਰੋ

✪

ਜ਼ਮੀਂ ਵਿਚ ਆਦਮੀ ਵੀ ਜੜ ਲਗਾਉਂਦੈ
ਪਰਾਏ ਬੋਝ ਢੋਹ-ਢੋਹ ਘਰ ਬਣਾਉਂਦੈ

ਕਿਹੋ ਜੇ ਰੁੱਖ ਲਾ ਬੈਠੇ ਘਰਾਂ ਵਿਚ
ਜੜਾਂ ਦਾ ਰੰਗ ਨਾ ਪੱਤਿਆਂ ’ਤੇ ਆਉਂਦੈ

ਜਦੋਂ ਵੀ ਆਈ ਮੇਰੇ ਰਾਹ ’ਚ ਤਿਲ੍ਹਕਣ
ਤੇਰਾ ਅਹਿਸਾਸ ਹੀ ਡਿਗਣੋ ਬਚਾਉਂਦੈ

ਲਹਿਰ ਦੀ ਮੌਜ ਲੈ ਜਾਂਦੀ ਹੈ ਅੱਗੇ
ਲਹਿਰ ਬਿਨ ਬੂਰ ਪੱਤਣ ’ਤੇ ਹੀ ਆਉਂਦੈ

ਸਿਤਾਰੇ ਤੋੜਨੇ ਬਾਹਾਂ ਵਧਾਈਂ
ਭਲਾਂ ਕੀਹਦੇ ਲਈ ਅੰਬਰ ਨਿਆਉਂਦੈ ?

✪

ਯਾਦ ਆ ਜਾਂਦੇ ਨੇ ਆਪੇ ਯਾਦ ਭਾਵੇਂ ਨਾ ਕਰੇ
ਜਾਨ ਤੋਂ ਪਿਆਰੇ ਜੋ ਦਿੰਦੇ ਜ਼ਖ਼ਮ ਰਹਿੰਦੇ ਨੇ ਹਰੇ

ਘਰ ਤੋਂ ਬਾਹਰ ਰਹਿਣ ਦੀ ਵੀ ਹੱਦ ਹੁੰਦੀ ਹੈ ਕੋਈ
ਚੱਲ ਮਨਾਂ ਹੁਣ ਸ਼ਾਮ ਹੋਈ ਚੱਲੀਏ ਅਪਣੇ ਘਰੇ

ਰਹਿ ਰਹੇ ਮੇਰੀ ਗਲ਼ੀ ਵਿਚ ਹਰ ਮਜ਼੍ਹਬ ਦੇ ਲੋਕ ਪਰ
ਲੋਚਦਾ ਹਰ ਸ਼ਖ਼ਸ਼ ਆ ਜੇ ਜੋ ਵੀ ਹੈ ਉਸਦੇ ਘਰੇ

ਜੋ ਮਿਲੇ ਸਭ ਨੂੰ ਪਿਆ ਸੀ ਆਪਣੇ ਘਰ ਦਾ ਫ਼ਿਕਰ
ਖੁਰਦੀਆਂ ਪੱਤਣਾਂ ਦਾ ਕੋਈ ਕੀ ਕਰੇ ਕੀ ਨਾ ਕਰੇ

ਯਾਦ ਦੇ ਆਲਮ ’ਚ ਹੁੰਦਾ ਇਸ ਕਦਰ ਰਮਿਆ ਸਕੂਨ
ਸੁੱਕਿਆਂ ਖੂਹਾਂ ’ਚੋਂ ਆਉਂਦੇ ਡੋਲ ਪਾਣੀ ਦੇ ਭਰੇ

ਜਾਣ ਲਉਂ ਜਦ ਮੈਨੂੰ ਸਾਰਾ ਤੁਰ ਅਗਾਂਹ ਜਾਣਾ ਤੁਸੀਂ
ਮੀਲ ਪੱਥਰ ਹੋਰ ਹੁੰਦੇ ਮੀਲ ਪੱਥਰ ਤੋਂ ਪਰ੍ਹੇ

✪

ਕੀ ਪਤੈ ਕਿੰਨਾ ਕੁ ਰਹਿੰਦਾ ਸੁਲਗਣਾ ਬਾਕੀ ਅਜੇ
ਰੌਸ਼ਨੀ ਹੈ ਕੈਦ ਜਿਸ ਵਿਚ ਬੰਦ ਹੈ ਤਾਕੀ ਅਜੇ

ਰਾਤ ਅੱਧੀ ਹੋ ਗਈ ਹੈ ਰੁਕ ਗਏ ਸਾਰੇ ਵਹਾਅ
ਮਨ ਦੇ ਉੱਡੇ ਪੰਛੀਆਂ ਦਾ ਪਰਤਣਾ ਬਾਕੀ ਅਜੇ

ਉਹ ਕਦੋਂ ਹੈ ਮਿਲਣ ਆਉਂਦੀ ਆਉਣ ਲਹਿਰਾਂ ਉਹਦੀਆਂ
ਝੀਲ ਦੀ ਮਰਜ਼ੀ ’ਤੇ ਭਾਰੂ ਝੀਲ ਦੀ ਰਾਖੀ ਅਜੇ

ਬਹੁਤ ਨੇ ਜੋ ਲੋਕ ਮੈਨੂੰ ਮਾਰ ਕੇ ਸੌਂਦੇ ਨੇ ਰੋਜ਼
ਪਰ ਮੇਰਾ ਓਨ੍ਹਾਂ ਦੇ ਨੈਣੀਂ ਰੜਕਣਾ ਬਾਕੀ ਅਜੇ

ਖ਼ੌਰੇ ਕਿੰਨੇ ਪੋਤਿਆਂ ਦੇ ਪੂਰ ਤੁਰ ਗੇ ! ਬਾਬਿਆ
ਜ਼ਿੰਦਗੀ ਬਾਬਰ ਦੀ ਹੈ ਓਵੇਂ ਜਿਵੇਂ ਦਾਸੀ ਅਜੇ

✪

ਰਾਤ ਵੀ ਆ ਕੇ ਕਾਲ਼ੀ ਪੈਂਦੀ ਦਿਨ ਚੜ੍ਹਦੇ ਬੇ-ਵੱਤੇ
ਜਿਹੜੇ ਘਰਦੇ ਚਾਨਣ ਹੁੰਦੇ ਊਂਧੇ ਅਤੇ ਨਿਸੱਤੇ

ਵਗਦੇ ਪਾਣੀ ਵਾਂਗ ਨਿਤਰ ਕੇ ਯਾਰੀ ਦੀ ਲੱਜ ਪਾਲ਼ੇ
ਯਾਰਾਂ ਦੇ ਘਰ, ਘਰ ਹੋ ਕੇ ਵੀ ਹੁੰਦੇ ਤੀਰਥ ਮੱਕੇ

ਬਾਰਿਸ਼ ਬਣ ਕੇ ਵਰ੍ਹਨਾ ਹੋਵੇ ਓਸੇ ’ਤੇ ਹੀ ਵਰ੍ਹੀਏ
ਜਿਹੜੇ ਅੰਨ੍ਹੇ ਚੁੱਲ੍ਹੇ ਦੇ ਵਿਚ ਗਿੱਲਾ ਸੁੱਕਾ ਮੱਚੇ

ਔੜ ਮਾਰਿਆ ਬਚਪਨ ਰੂਹ ਨੂੰ ਹੁਣ ਵੀ ਡੰਗੇ ਆ ਕੇ
ਸੁਪਨੇ ਦੇ ਵਿਚ ਹੁਣ ਵੀ ਦਿਸਦੇ ਉਡਦੇ ਰੇਤੇ ਕੱਕੇ

ਅਪਣੇ ਆਪ ਨੂੰ ਏਨਾ ਵੀ ਨਾ ਹੋਰ ਵਧਾ ਹੁਣ! ਬੂਟੇ
ਨਿੱਸਰ ਚੁੱਕੇ ਰੁੱਖ ਨਾਲ਼ ਦੇ ਤੋੜ ਦੇਣਗੇ ਡੱਕੇ

✪

ਗੀਤ ਮੇਰੇ ਦੀ 'ਵਾਜ਼ ਹੀ ਜੇ ਨਾ ਤੇਰੇ ਤੀਕਰ ਜਾਵੇਗੀ
ਪੌਣ 'ਚ ਕਣ-ਕਣ ਹੋਈ ਮਿੱਟੀ ਕਿੱਦਾਂ ਪੈਰ ਜਮਾਵੇਗੀ

ਅਪਣੇ ਹੀ ਪਥਰੀਲੇ ਕੰਢੇ ਜੇ ਮਾਰੂਥਲ ਹੋ ਜਾਵਣ
ਲਹਿਰ ਕਦੋਂ ਤੱਕ ਭਰ-ਭਰ ਆਈ ਊਣੀ ਹੋ-ਹੋ ਜਾਵੇਗੀ

ਸਿਖ਼ਰ ਸਾਂਭਣੀ ਔਖੀ ਹੁੰਦੀ ਸਿਖ਼ਰੀਂ ਜਾਣਾ ਸੌਖਾ ਹੈ
ਵਜ਼ਨ ਬਣਾ ਕੇ ਰੱਖੀਂ ਅਪਣਾ ਪੌਣ ਜ਼ਮੀਂ ਖਿਸਕਾਵੇਗੀ

ਘਰ ਦੀ ਛੱਤ ਜੇ ਭਟਕ ਵੀ ਜਾਵੇ ਪਤਾ ਹੁੰਦੈ ਕੰਧਾਂ ਨੂੰ ਇਹ
ਨਾਲ਼ ਗਈ ਹੈ ਘਰ ਦੀ ਖੋਹ ਜੋ ਆਪੇ ਮੋੜ ਲਿਆਵੇਗੀ

ਗਹਿਰੇ ਤੋਂ ਗਹਿਰੇ ਅਣਛੋਹੇ ਪਾਣੀ ਦੀ ਤੂੰ ਖ਼ਸਲਤ ਜਾਣ
ਪੈਰੀਂ ਜੋ ਪਥਰਾਈ ਧਰਤੀ ਲੱਭਤ ਕੰਬਣ ਲਾਵੇਗੀ

ਉੱਚੇ ਥਾਂ 'ਤੋਂ ਚਾਰੇ ਪਾਸੇ ਪਾਣੀ ਡੁੱਲ੍ਹੀ ਜਾਂਦਾ ਹੈ
ਇਲਮ ਨਹੀਂ ਸੀ ਮੇਰੇ 'ਤੇ ਕਵਿਤਾ ਕਰਮ ਕਮਾਵੇਗੀ

✪

ਮੇਰੇ ਸਿਰ ਉਤੇ ਹੈ ਸੂਰਜ ਕਿਉਂ ਦੁਪਹਿਰਾ ਢਾਲ਼ ਚੱਲੇ
ਅਲਵਿਦਾ ਵੀ ਨਾ ਕਹੀ ਪਾ ਕੇ ਖ਼ੁਸ਼ੀ ਦਾ ਕਾਲ਼ ਚੱਲੇ

ਇਸ ਤਰ੍ਹਾਂ ਦੇ ਦਿਨ ਵਿਖਾਏ ਬਹੁਤ ਮੈਨੂੰ ਜ਼ਿੰਦਗੀ ਨੇ
ਅੱਖ ਨੀਵੀਂ ਕਰਕੇ ਮੇਲੇ 'ਚੋਂ ਜਿਵੇਂ ਕੰਗਾਲ ਚੱਲੇ

ਸਫ਼ਰ ਦੇ ਵਿਚ ਬੇ-ਤਹਾਸ਼ੇ ਇਸ ਤਰ੍ਹਾਂ ਦੇ ਖ਼ਾਰ ਪੁੜਦੇ
ਰੜਕ ਨਾ ਜਾਂਦੀ ਉਨ੍ਹਾਂ ਦੀ ਲੱਖ ਫੁੱਲਾਂ ਨਾਲ਼ ਚੱਲੇ

ਲਚਕ ਸੀ ਕਿੰਨੀ ਉਹਦੇ ਵਿਚ ਇਹ ਕਿਸੇ ਤੋਂ ਹੋਰ ਪੁੱਛੋ
ਫ਼ਖ਼ਰ ਹੈ ਕਿ ਕਾਫ਼ਲੇ ਵਿਚ ਆਪਣੀ ਹੀ ਚਾਲ ਚੱਲੇ

ਜਾਣ ਵੇਲ਼ੇ ਗ਼ਮ ਨਹੀਂ ਕਿੰਨਾ ਕੁ ਕੋਈ ਨਾਲ਼ ਨਿਭਿਆ
ਮਾਣ ਹੈ ਇਹ ਦੋਸਤੋ ਕਿ ਖ਼ੁਦ ਵਫ਼ਾਵਾਂ ਪਾਲ਼ ਚੱਲੇ

✪

ਏਦਾਂ ਕੋਈ ਕੋਈ ਨਿਭਦਾ ਅਪਣੇ ਕੀਤੇ ਵਾਅਦੇ ਨਾਲ਼
ਬੰਦਾ ਨਿਭਦਾ ਰਹਿੰਦਾ ਜਿੱਦਾਂ ਘਰ ਨੂੰ ਜਾਂਦੇ ਰਾਹ ਦੇ ਨਾਲ਼

ਫੁੱਟੀਆਂ ਆਪੇ ਨਿਕਲ-ਨਿਕਲ ਪੋਟਿਆਂ ਵੰਨੀਂ ਆਂਵਦੀਆਂ
ਚੁਗਣ ਵਾਲੀਆਂ ਦਾ ਮਨ ਖਿੜਿਆ ਹੋਵੇ ਖਿੜੀ ਕਪਾਹ ਦੇ ਨਾਲ਼

ਕਾਣ-ਮਕਾਣਾਂ, ਮੜ੍ਹੀ-ਮਸਾਣਾਂ, ਨਿੰਦ-ਵਿਚਾਰਾਂ, ਜੰਤਰੀਆਂ
ਕਿੰਨੇ ਜਾਲ਼ੇ ਲਟਕ ਰਹੇ ਨੇ ਜੀਵਨ ਦੇ ਪ੍ਰਵਾਹ ਦੇ ਨਾਲ਼

ਸਾਂਝ ਦਾ ਬਣਿਆ ਪੁਲ਼ ਤੋੜਨ ਲਈ ਗ਼ੈਰ ਨਾ ਕੋਈ ਆਇਆ
ਆਉਣਾ-ਜਾਣਾ ਬਣਿਆ ਰਹਿੰਦਾ ਤੂੰ ਹੀ ਦੱਸ ਦੇ ਕਾਹਦੇ ਨਾਲ਼

ਅਪਣੇ-ਅਪਣੇ ਰਹਿਬਰ ਦੀ ਹਰ ਨਜ਼ਰ ਸਵੱਲੀ ਮੰਗਦਾ ਤਦ
ਪਰਬਤ ਰੋੜਾ ਹੋ ਜਾਂਦਾ ਹੈ ਪਲ ਵਿਚ ਫਿਰੀ ਨਿਗ੍ਹਾ ਦੇ ਨਾਲ਼

ਉਹ ਤਾਂ ਸਾਡੇ ਜੀਵਨ ਵਿਚੋਂ ਖ਼ੁਸ਼ੀਆਂ ਖੋੜੇ ਜੀਰੀ ਗਏ
ਅਸੀਂ ਆਪਣੇ ਲੀਹੇ ਜੋੜੀ ਗਏ ਅਗਲੀ ਦਰਗਾਹ ਦੇ ਨਾਲ਼

ਸੁਪਨੇ ਵਿਚ ਵੀ ਮੇਰੇ ਮਨ ’ਚੋਂ ਕਵਿਤਾ ਫੁਟਦੀ ਰਹਿੰਦੀ ਹੈ
ਜੁਗਨੂੰ ਸਾਂਝ ਕਦੇ ਨੀ ਪਾਉਂਦੇ ਯਾਰੋ ਰਾਤ ਸਿਆਹ ਦੇ ਨਾਲ਼

✪

ਖੋਲ੍ਹ ਮਨਾਂ ਪਿੰਜਰੇ ਦੀ ਬਾਰੀ ਕਾਹਤੋਂ ਪੰਛੀ ਕੈਦ ਕਰੇ
ਸੁੱਕੇ ਬੀਜਾਂ ਨੂੰ ਧਰਤੀ ਦੇ੍ਹ ਹੋਵਣ ਦੇ ਜਜ਼ਬਾਤ ਹਰੇ

ਕਿਹੜੇ ਯੁੱਗ ’ਚ ਅਕਲ ਵਿਹੂਣੇ ਅਕਲ ਦੇ ਨਾ ਮੁਹਥਾਜ ਰਹੇ
ਕਿਹੜੇ ਯੁੱਗ ’ਚ ਅਕਲ ਵਿਹੂਣੇ ਅਪਣੀ ਆਈ ਮੌਤ ਮਰੇ

ਜੱਗ ਤਾਰਨ ਆਇਆਂ ਨੂੰ ਜੱਗ ਦੀ ਪਾਪ ਕਮਾਈ ਲੈ ਬੈਠੀ
ਪਿੰਡੇ ਫੂਕਣ ਵਾਲੀ ਲੋਅ ਨੂੰ ਕਿਹੜਾ ਦਰਦੀ ਸੀਤ ਕਰੇ

ਸਿਵਿਆਂ ਦੀ ਅੱਗ ਵਿਚਦੀ ਕੋਈ ਬੰਦਾ ਬਚ ਕੇ ਲੰਘਦਾ ਨਾ
ਲੋਕ-ਤਰਾਜ਼ੂ ਕੀਹਨੂੰ ਤੋਲੇ ਕਿਸ ਹੀਰੇ ਦੀ ਗੱਲ ਕਰੇ

ਕੁਦਰਤ ਦਾ ਮਨ ਕਾਵਿਕ ਹੈ ਹਰ ਬੀਜ ਨੂੰ ਦਿੰਦੀ ਹਰਫ਼ ਹਰੇ
ਪਰ ਲੱਖਾਂ ’ਚੋਂ ਕੋਈ ਬੂਟਾ ਕਵਿਤਾਵਾਂ ਦੀ ਕਿਰਤ ਕਰੇ

✪

ਜਿਹੜਾ ਆਉਂਦਾ ਪਹਿਲਾਂ ਗਾਏ ਬੋਲਾਂ ਨੂੰ ਦੁਹਰਾਉਂਦਾ
ਵੱਖਰਾ ਰਾਗ ਅਲਾਪਣ ਵਾਲਾ ਕੋਈ-ਕੋਈ ਆਉਂਦਾ

ਗ਼ਮ ਦਾ ਕੇਰਾਂ ਚੜ੍ਹਿਆ ਸੂਰਜ ਜੇਕਰ ਛਿਪਦਾ ਹੁੰਦਾ
ਮੇਲ-ਮਿਲਾਪੋਂ ਕਦੇ ਵਿਛੋੜਾ ਡਾਹਢਾ ਨਾ ਅਖਵਾਉਂਦਾ

ਨਾ ਰੁੱਖ ਬਣਨੇ ਨਾ ਛਾਂ ਹੋਣੀ ਨਾ ਹੀ ਫਲ਼ ਲੱਗਣੇ ਨੇ
ਧਰਤੀ ਖੋਹ-ਖੋਹ ਮਾਲੀ ਬੂਟੇ ਗ਼ਮਲੇ ਵਿੱਚ ਲਗਾਉਂਦਾ

ਓਨਾ ਹੀ ਘਰ ਅੰਦਰਲਾ ਘਰ ਹੁੰਦਾ ਹੈ ਉਹ ਬੰਦਾ
ਦੂਰ ਗਏ ਨੂੰ ਜਿੰਨਾ ਵੀ ਹੈ ਘਰ ਦਾ ਚੇਤਾ ਆਉਂਦਾ

ਅੰਤ ਨਿਤਾਰਾ ਹੋ ਕੇ ਰਹਿੰਦਾ ਮਨ ਕਿੰਨਿਆਂ ਦੇ ਮੋਹੇ
ਮਹਿਕ ਲੁਟਾ ਕੇ ਕਿਹੜਾ ਬੂਟਾ ਜਿਹੜਾ ਨਾ ਮੁਰਝਾਉਂਦਾ

✪

ਦਿਲ 'ਤੇ ਉਕਰੇ ਹਰਫ਼ਾਂ ਵਿਚੋਂ
ਇਕ ਵੀ ਹਰਫ਼ ਮਿਟਾਉਣਾ ਔਖਾ
ਅਪਣੇ ਆਪ ਜੋ ਹੋਠੀਂ ਆਵੇ
ਦਿਲ 'ਚੋਂ ਗੀਤ ਭੁਲਾਉਣਾ ਔਖਾ

ਇੱਛਾਵਾਂ 'ਤੇ ਕਾਬਜ਼ ਹੋ ਕੇ
ਚਿੱਟੇ ਦਿਨ ਦੇ ਸਨਮੁੱਖ ਹੋ ਕੇ
ਦਿਲ ਦਾ ਵੇਗ ਤਾਂ ਮੋੜ ਲਈਦੈ
ਪਰ ਦਿਲ ਨੂੰ ਸਮਝਾਉਣਾ ਔਖਾ

ਰਾਹ ਜਾਂਦੇ ਰਾਹੀ ਦੇ ਪੈਰੀਂ
ਕੰਡਾ ਤਾਂ ਪੁੜ ਜਾਂਦਾ ਆਪੇ
ਪਰ ਇੱਛਾ ਦੀ ਟਾਹਣੀ ਉਤੇ
ਚਾਹਿਆ ਫੁੱਲ ਉਗਾਉਣਾ ਔਖਾ

ਯਾਦਾਂ ਦੀ ਇਹ ਖ਼ੂਬੀ ਹੁੰਦੀ
ਲੰਘੇ ਵੇਲ਼ੇ ਯਾਦ ਕਰਾਵਣ
ਪਰ ਜੋ ਕੂਚ ਅਕੇਰਾਂ ਕਰ ਜੇ
ਵੇਲ਼ਾ ਮੋੜ ਲਿਆਉਣਾ ਔਖਾ

ਜਿੱਦਾਂ ਦੇ ਰੰਗ ਰਮਦੇ ਜਾਂਦੇ
ਪੌਣਾਂ ਦੀ ਰਗ-ਰਗ ਦੇ ਅੰਦਰ
ਅਪਣਾ ਆਪ ਵਿਗਾਸਣ ਨਾਲ਼ੋਂ
ਅਪਣਾ ਆਪ ਬਚਾਉਣਾ ਔਖਾ

ਤਨ 'ਤੇ ਪਾਏ ਵਸਤਰ ਹੇਠਾਂ
ਅਣਚਾਹਿਆ ਜੇ ਵਸਤਰ ਹੋਵੇ
ਸੂਲ਼ ਵਿਛਾਉਣਾ ਸੁਰਗ 'ਚ ਵੀ ਉਹ
ਹੁੰਦਾ ਬਹੁਤ ਹੰਢਾਉਣਾ ਔਖਾ

ਕਵਿਤਾ ਕੇਹੋ ਜੇਹੀ ਹੋਵੇ
ਨਿਰਣਾ ਫੇਰ ਕਰਾਂਗੇ ਆਪਾਂ
ਪਰ ਪਾਣੀ 'ਤੇ ਤਰਦਾ ਜਾਂਦਾ
ਪੱਤਾ ਵੀ ਝੁਠਲਾਉਣਾ ਔਖਾ

✪

ਖੰਡਰ ਹੋਈ ਕਿਸੇ ਅੱਖ ਦਾ ਸੁਪਨਾ ਜਾਂ ਅਰਮਾਨ ਬਣੇ
ਕਰਮ ਕਰੇ ਬਿਨ ਦਰਦ ਹਰੇ ਬਿਨ ਜਜ਼ਬਾ ਨਾ ਵਰਦਾਨ ਬਣੇ

ਕੀਮਤ ਸਾਡੀ ਕਾਹਦੀ ਰਹਿ ਗੀ ਅੰਦਰ ਝਾਤੀ ਮਾਰ ਲਵੋ
ਘਰ ਦੀ ਰੰਗਤ ਫੱਬਤ ਨਾਲ਼ੋਂ ਓਹਲੇ ਘਰ ਦੀ ਜਾਨ ਬਣੇ

ਡਲ੍ਹਕਣ ਜਾਂਦੇ ਤਾਰੇ ਰਾਹਾਂ ਵਿਚ ਨਾ ਹੋਂਦ ਗੁਆ ਬੈਠਣ
ਏਨਾ ਉੱਚਾ ਵੀ ਨਾ ਭੁੱਲ ਕੇ ਸਿਰ ਉਤਲਾ ਅਸਮਾਨ ਬਣੇ

ਰੀਝਾਂ ਸੱਧਰਾਂ ਪੰਛੀ ਹੋ ਕੇ ਅੰਬਰੀ ਤਾਰੇ ਹੋ ਗਈਆਂ
ਅੱਧੋਂ ਬਹੁਤੀ ਲੋਕਾਈ ਦੇ ਹਿਰਦੇ ਕਬਰਸਤਾਨ ਬਣੇ

ਮੈਂ ਮਹਿੰਦੀ ਦਾ ਬੂਟਾ ਬਣ ਕੇ ਤਲ਼ੀਆਂ ਖ਼ਾਤਿਰ ਉਗਿਆ ਹਾਂ
ਚਾਹੁੰਨਾਂ ਮੇਰਾ ਪੱਤਾ-ਪੱਤਾ ਧੀਆਂ ਦੀ ਮੁਸਕਾਨ ਬਣੇ

✪

ਨਾ ਹੀ ਹੰਝੂ ਥੰਮ੍ਹਣ ਨਾ ਹੀ ਥੰਮ੍ਹੇ ਸੀ
ਨੈਣਾਂ ਵਿਚ ਸਮੁੰਦਰ ਲੈ ਕੇ ਜੰਮੇ ਸੀ

ਇਕ-ਇਕ ਦਿਨ ਵਿਚ ਕਿੰਨੇ ਹੀ ਦਿਨ ਚੜ੍ਹਦੇ ਸੀ
'ਡੀਕਾਂ ਦੇ ਪਰਛਾਵੇਂ ਏਨੇ ਲੰਮੇ ਸੀ

ਰਿਸ਼ਤੇ ਪੱਤਿਆਂ ਵਾਂਗ ਝੜੇ ਤਾਂ ਜਾਣ ਸਕੇ
ਜੀਵਨ 'ਤੇ ਵੀ ਕਿੰਨੇ ਚੜ੍ਹੇ ਮੁਲੰਮੇ ਸੀ

ਹੇਠ ਖਲੋ ਕੇ ਤੱਕਿਆ ਛਾਂ ਸੀ ਸੁਲਗ ਰਹੀ
ਵੇਖਣ ਨੂੰ ਰੁੱਖ ਕਾਫ਼ੀ ਉੱਚੇ ਲੰਮੇ ਸੀ

ਵਹਿਣ ਜ਼ਿੰਦਗੀ ਕਿਵੇਂ ਅਸਾਡੀ ਬਣ ਜਾਂਦੀ
ਸੋਚਾਂ ਦੇ ਹੜ੍ਹ ਬਰਫ਼ ਵਾਂਗਰਾਂ ਜੰਮੇ ਸੀ

ਬੂਟਾ ਯਾਦ ਕਰੇ ਚਾਹੇ ਨਾ ਯਾਦ ਕਰੇ
ਮੈਂ ਵੀ ਉਹਤੇ ਆਏ ਝੱਖੜ ਥੰਮ੍ਹੇ ਸੀ

✪

ਕਿਸੇ ਤੂਫ਼ਾਨ ਅੱਗੇ ਲੋਕ ਨਾ ਇਹ ਅੜਨ ਵਾਲੇ
ਇਹ ਤਾਂ ਹਲਕੇ ਜੇ ਬੁੱਲੇ ਨਾਲ਼ ਪੱਤੇ ਝੜਨ ਵਾਲੇ

ਨਹੀਂ ਆਏ ਕਿਤਾਬਾਂ ਵਿਚ ਅਜੇ ਤੱਕ ਦਰਦ ਸਾਰੇ
ਬੜੇ ਰਹਿੰਦੇ ਨੇ ਹਾਲੇ ਦਿਲ ਫਰੋਲਣ ਪੜ੍ਹਨ ਵਾਲੇ

ਗਲੀ ਦੀ ਰੌਸ਼ਨੀ ਹਿੱਕ ਤਾਣ ਕੇ ਹੈ ਰੋਜ਼ ਜਗਦੀ
ਘਰਾਂ ਵਿਚ ਉਲਝ ਕੇ ਰਹਿ ਗੇ ਪਤੰਗੇ ਸੜਨ ਵਾਲੇ

ਕਦੇ ਨਾ ਘਰਦਿਆਂ ਰੁੱਖਾਂ ਨੂੰ ਛਾਂਵਾਂ ਯੋਗ ਕਰਦੇ
ਪਰਾਈ ਕੰਧ ਦੇ ਸਾਏ ’ਚ ਜਾ ਕੇ ਖੜ੍ਹਨ ਵਾਲੇ

ਬੜਾ ਕੁਝ ਛੱਡ ਗਏ ਸੀ ਪਰ ਅਸੀਂ ਉਹ ਸਾਂਭਿਆ ਨਾ
ਥਲਾਂ ਵਿਚ ਪੈਰ ਸੱਸੀ ਦੇ ਨਿਦੋਸ਼ੇ ਸੜਨ ਵਾਲੇ

ਹਨ੍ਹੇਰੇ ਦੀ ਨਜ਼ਰ ਵਿਚ ਰੜਕਦੇ ਨੇ ਮਾਣ ਮੈਨੂੰ
ਮੇਰੇ ਜਜ਼ਬਾਤ ਪੱਲੇ ਜੁਗਨੂੰਆਂ ਦੇ ਫੜਨ ਵਾਲੇ

✪

ਪਰਬਤ ਨੇ ਨਿੰਵ ਕੇ ਤੱਕਿਆ ਉਸਦੇ ਅਸਾਨ ਬਦਲੇ
ਦੇਵਾਂ ਮੈਂ ਓਸਨੂੰ ਕੀ ਸੋਨੇ ਦੀ ਖਾਨ ਬਦਲੇ

ਉਤੋਂ ਨਾ ਰੁੱਖ ਸੁੱਕੇ ਜੜ ਤੋਂ ਹੈ ਮਾਰ ਪੈਂਦੀ
ਪਹਿਲਾਂ ਈਮਾਨ ਬਦਲੇ ਪਿੱਛੋਂ ਜ਼ੁਬਾਨ ਬਦਲੇ

ਨੀਵੀਂ ਉਡਾਨ ਹੋਵੇ ਐਵੇਂ ਨਾ ਖੰਭ ਬਦਲੇ
ਤਲਵਾਰ ਤੇਜ਼ ਕਰ ਲੇ ਨਾ ਕਿ ਮਿਆਨ ਬਦਲੇ

ਵੇਖੋ ਕਿ ਕਿਹੜੀ ਆਪਾਂ ਓਨ੍ਹਾਂ ਦੀ ਗੱਲ ਮੰਨੀ
ਚਾਹੁੰਦੇ ਸੀ ਅੰਦਰੋਂ ਜੋ ਏਹੇ ਜਹਾਨ ਬਦਲੇ

ਤਿਲ੍ਹਕਣ 'ਤੇ ਲੋਕ ਤਾਹੀਂ ਬਚ-ਬਚ ਕੇ ਤੁਰ ਰਹੇ ਨੇ
ਦਿਲ ਬਦਲੇ ਦਿਲ ਨਾ ਦਿੰਦੇ ਨਾ ਜਾਨ, ਜਾਨ ਬਦਲੇ

✪

ਕਿਹੜੀ ਪੱਤਣ ਵਿਖਾਈ ਵਕਤ ਨੇ ਨਾ
ਫਿਰ ਵੀ ਉਂਗਲ ਫੜਾਈ ਵਕਤ ਨੇ ਨਾ

ਜਿੰਨੀ-ਜਿੰਨੀ ਵੀ ਹਿੱਸੇ ਆਉਂਦੀ ਸੀ
ਧੁੱਪ ਘਰ-ਘਰ ਪੁਚਾਈ ਵਕਤ ਨੇ ਨਾ

ਲੈ ਕੇ ਇਕ ਹੱਥ ਦੂਸਰੇ ਦੇਵੇ
ਦੁਨੀਆ ਐਸੀ ਬਣਾਈ ਵਕਤ ਨੇ ਨਾ

ਇਮਤਿਹਾਂ ਬਾਅਦ ਇਮਤਿਹਾਂ ਲੈ ਕੇ
ਕੋਈ ਮੁਸ਼ਕਿਲ ਘਟਾਈ ਵਕਤ ਨੇ ਨਾ

ਹੀਰੇ ਹੋ ਕੇ ਵੀ ਬੇ-ਪਛਾਣ ਰਹੇ
ਧੂੜ ਉਤਲੀ ਉਡਾਈ ਵਕਤ ਨੇ ਨਾ

ਹੋ ਰਹੀ ਸ਼ਾਮ ਛਿਪ ਰਿਹਾ ਸੂਰਜ
ਹਾਲੇ ਮੰਜ਼ਿਲ ਵਿਖਾਈ ਵਕਤ ਨੇ ਨਾ

ਨ੍ਹੇਰ ਫਲ਼ਦੇ ਨੂੰ ਜਿਹੜੀ ਨਿਗਲ਼ ਲਵੇ
ਜੋਤ ਐਸੀ ਜਗਾਈ ਵਕਤ ਨੇ ਨਾ

✪

ਸਮਾਂ ਸੂਲ਼ਾਂ 'ਤੇ ਅੰਨ੍ਹੇ ਨਾਗ ਵਾਂਗੂੰ ਰੀਂਘਦਾ ਹੋਵੇ
ਤੁਸੀਂ ਜਿੱਥੇ ਵੀ ਜਾਵੋ ਓਥੇ ਕੋਈ 'ਡੀਕਦਾ ਹੋਵੇ

ਵਫ਼ਾ ਵਿਚ ਬੱਝਿਆ ਹੋਇਆ ਅਜੇ ਵੀ ਲੋਚਦਾ ਹਾਂ ਮੈਂ
ਤੇਰੇ ਜੀਵਨ ਦਾ ਹਰ ਪਹਿਲੂ ਹੁਲਾਰਾ ਪੀਂਘ ਦਾ ਹੋਵੇ

ਕੋਈ ਨਾ ਕੋਈ ਮੌਸਮ ਆਦਮੀ ਦੇ ਰਾਸ ਆ ਜਾਂਦੈ
ਜ਼ਮੀਂ ਦੀ ਥਾਂ ਫਸਲ ਪੌਣਾਂ ਦੇ ਵਿਚ ਨਾ ਬੀਜਦਾ ਹੋਵੇ

ਨਿਗ੍ਹਾ ਦਾ ਸੀ ਗੁਨਾਹ ਕਿਉਂ ਵਿੰਨ੍ਹ ਦਿੱਤਾ ਹੈ ਜਿਸਮ ਮੇਰਾ
ਨਹੀਂ ਢਾਹੀਦਾ ਘਰ ਸਾਰਾ ਗੁਨਾਹ ਦਹਿਲੀਜ਼ ਦਾ ਹੋਵੇ

ਹਸ਼ਰ ਏਦਾਂ ਹੀ ਹੋਇਆ ਹੈ ਅਸਾਡੀ ਸੋਨ ਚਿੜੀਆ ਦਾ
ਹਸ਼ਰ ਜੋ ਵਿਚ ਚੁਰਾਹੇ ਕੀਮਤੀ ਪਈ ਚੀਜ਼ ਦਾ ਹੋਵੇ

✪

ਜੇ ਹਵਾ ਦੇ ਮੈਂ ਰਾਹ 'ਚ ਨਾ ਤਣਦਾ
ਜੋ ਬਣਾਉਂਦੀ ਹਵਾ ਉਹੀ ਬਣਦਾ

ਤੀਲੇ-ਤੀਲੇ ਨੂੰ ਕਹਿਣ ਆਇਆ ਹਾਂ
ਤੀਲੇ-ਤੀਲੇ ਤੋਂ ਆਲ੍ਹਣਾ ਬਣਦਾ

ਧਰਤ ਦਾ ਜਾਇਆ ਓਹੀ ਹੁੰਦਾ ਹੈ
ਕਰਜ਼ ਲਾਹੇ ਹਰੇਕ ਕਣ-ਕਣ ਦਾ

ਦੋਸਤੀ ਬਿਨ ਮਿਲੇ ਵੀ ਰਹਿੰਦੀ ਹੈ
ਖ਼ਿਆਲ ਜਾਵੇ ਨਾ ਆਪਣੇਪਣ ਦਾ

ਜਦ ਸੁਣੀ ਮੈਂ ਤੇਰੀ ਗ਼ਜ਼ਲ ਬੂਟੇ!
ਨੇਰ੍ਹਿਓਂ ਨੂਰ ਵੇਖਿਆ ਛਣਦਾ

✪

ਨੇੜੇ ਜੋ ਲਗਦੇ ਲੋਕ ਸੀ ਦੂਰੀ ਵਧਾ ਗਏ
ਔਖੇ ਕੀ ਦਿੱਤੇ ਇਮਤਿਹਾਂ ਸ਼ੀਸ਼ਾ ਬਣਾ ਗਏ

ਮਹਿਮਾਨ ਆਉਣ ਜਾਣ ਦੀ ਕੀਮਤ ਚੁਕਾ ਗਏ
ਅੰਬਰੀਂ ਖ਼ਿਆਲ ਉਡਦੇ ਸੀ ਪਿੰਜਰੇ ’ਚ ਪਾ ਗਏ

ਮੰਡੀ ’ਚ ਆ ਕੇ ਕੀ ਵਿਕੀ ਮਜ਼ਬੂਰ ਰੌਸ਼ਨੀ
ਹਰ ਉਮਰ ਦੇ ਹੀ ਕੀੜਿਆਂ ਦੇ ਖੰਭ ਆ ਗਏ

ਨੈਣਾਂ ’ਚੋਂ ਪੜ੍ਹਨੀ ਸਿੱਖ ਰਿਹਾਂ ਦਿਲ ਦੀ ਜ਼ੁਬਾਨ ਮੈਂ
ਹੋਵੇ ਜੋ ਦਿਲ ’ਚ ਕਹਿਣ ਦੇ ਵੇਲ਼ੇ ਵਿਹਾ ਗਏ

ਸੱਪਾਂ ਦੇ ਮੂੰਹੋਂ ਕੱਢਣੇ ਪੈ ਗਏ ਖ਼ੁਸ਼ੀ ਦੇ ਪਲ
ਚਿਤਵੇ ਨਹੀਂ ਸੀ ਜੋ ਕਦੇ ਦਿਨ ਉਹ ਵੀ ਆ ਗਏ

✪

ਪਿਛਾਂਹ ਨੂੰ ਖੁੱਲ੍ਹਦੇ ਬੂਹੇ ਢੋਅ ਰਿਹਾ ਹਾਂ
ਸਮੇਂ ਦੇ ਹਾਣ ਦਾ ਮੈਂ ਹੋ ਰਿਹਾ ਹਾਂ

ਨਹੀਂ ਦਿੰਦੇ ਕਿਸੇ ਨੂੰ ਛਾਂ ਜੋ ਅਪਣੀ
ਉਨ੍ਹਾਂ ਬਿਰਖ਼ਾਂ ਲਈ ਮੈਂ ਲੋਅ ਰਿਹਾ ਹਾਂ

ਨਹੀਂ ਦਿਸਦਾ ਜਿਨ੍ਹਾਂ 'ਚੋਂ ਗਗਨ ਮੈਨੂੰ
ਉਹ ਬੂਹੇ ਬਾਰੀਆਂ ਨੂੰ ਢੋਅ ਰਿਹਾ ਹਾਂ

ਕਰੂ ਕਵਿਤਾ ਨਬੇੜਾ ਆਪ ਇਕ ਦਿਨ
ਕਮਾਈ ਜਾ ਰਿਹਾ ਜਾਂ ਖੋ ਰਿਹਾ ਹਾਂ

ਇਸੇ ਉਮੀਦ 'ਤੇ ਮੈਂ ਜੀਅ ਰਿਹਾ ਹਾਂ
ਹਰਾ ਹੋ ਜਾਇਗਾ ਜੋ ਬੋ ਰਿਹਾ ਹਾਂ

✪

ਰੁੱਖਾਂ ਵਾਂਗੂੰ ਜੜ ਨਾ ਲਾਉਂਦੇ ਮੌਸਮ ਅਤੇ ਮੁਸਾਫ਼ਿਰ
ਹੋਂਦ ਵਜੂਦ ਨਹੀਂ ਉਲਝਾਉਂਦੇ ਮੌਸਮ ਅਤੇ ਮੁਸਾਫ਼ਿਰ

ਮੌਸਮ ਫੁੱਲਾਂ ਨੂੰ ਰੰਗ ਦਿੰਦੇ ਖ਼ਾਰ ਮੁਸਾਫ਼ਿਰ ਚੁਗਦੇ
ਅਪਣਾ ਅਪਣਾ ਕਰਮ ਕਮਾਉਂਦੇ ਮੌਸਮ ਅਤੇ ਮੁਸਾਫ਼ਿਰ

ਪਹਿਲੇ ਰੰਗ ਕਦੇ ਨਾ ਰਹਿੰਦੇ ਵਿਛੜ ਗਿਆਂ ਦੇ ਯਾਰੋ
ਪਹਿਲੇ ਰੰਗ ਗੁਆ ਕੇ ਆਉਂਦੇ ਮੌਸਮ ਅਤੇ ਮੁਸਾਫ਼ਿਰ

ਓਨ੍ਹਾਂ ਦੀ ਥਾਂ ਨਵੇਂ-ਨਵੇਲੇ ਆ ਕੇ ਲੈ ਲੈਂਦੇ ਨੇ
ਜਦੋਂ ਪੁਰਾਣੇ ਦਿਸ਼ਾ ਗਵਾਉਂਦੇ ਮੌਸਮ ਅਤੇ ਮੁਸਾਫ਼ਿਰ

ਜੀਅ ਕਰਦਾ ਹੈ ਅਪਣੀ ਰੂਹ ਨੂੰ ਓਸ 'ਚ ਢਾਲ਼ ਦਿਆਂ ਮੈਂ
ਜਿਹੜਾ ਨਗ਼ਮਾ ਦੋਵੇਂ ਗਾਉਂਦੇ ਮੌਸਮ ਅਤੇ ਮੁਸਾਫ਼ਿਰ

ਕਵਿਤਾਕਾਰੀ, ਚਿੱਤਰਕਾਰੀ ਬੁੱਤ-ਕਾਰੀ ਲੈਅ-ਕਾਰੀ
ਬੂਟੇ ਲਾ-ਲਾ ਪੂਰ ਚੜ੍ਹਾਉਂਦੇ ਮੌਸਮ ਅਤੇ ਮੁਸਾਫ਼ਿਰ

✪

ਕਲਪਨਾ ਦੇ ਪੰਛੀਆਂ ਨੂੰ ਆਖ ਕਿ ਉਡਦੇ ਰਹਿਣ
ਚੋਗ ਖਿਲਰੀ ਨਾ ਚੁਗਣ ਉਹ ਭਾਲ਼ ਕੇ ਚੁਗਦੇ ਰਹਿਣ

ਹੋਂਦ ਮੇਰੀ ਤੇਰੀ ਰੂਹ ਵਿਚ ਇਸ ਕਦਰ ਹੋਈ ਅਭੇਦ
ਲੋਚਦਾਂ ਤੇਰੇ ਹੀ ਪੱਲੜੇ ਹਰ ਜਗ੍ਹਾ ਝੁਕਦੇ ਰਹਿਣ

ਥਲ ਮਨਾਂ 'ਚੋਂ ਹੋਣ ਮਨਫ਼ੀ ਬੇ-ਵਿਸਾਹੀ ਵੀ ਘਟੇ
ਲੋਕ ਕੀਤੇ ਵਾਅਦਿਆਂ ਸੰਗ ਜੇ ਦਿਲੋਂ ਪੁਗਦੇ ਰਹਿਣ

ਬਹੁਤ ਬਦਲੇ ਰਾਜ ਏਥੇ ਪਰ ਨਾ ਬਦਲੀ ਰੀਤ ਇਹ
ਹੋਰ ਬੀਜਣ ਖ਼ਾਰ ਏਥੇ ਹੋਰ ਹੀ ਚੁਗਦੇ ਰਹਿਣ

ਆਪਣੇ ਵਿਹੜੇ ਤੋਂ ਅੰਬਰ ਹੋ ਗਿਆਂ ਇੱਛਾ ਮੇਰੀ
ਮੇਰੇ ਘਰ ਦੇ ਵਾਂਗ ਬੂਟੇ ਸਭ ਘਰੀਂ ਉਗਦੇ ਰਹਿਣ

✪

ਆਪ ਹੱਥੀਂ ਬਾਲ਼ ਹੁੰਦੇ ਘਰ ਦੀ ਇੱਜ਼ਤ ਆਣ ਦੀਵੇ
ਬਾਲ਼ੇ ਕੋਈ ਹੋਰ ਆ ਕੇ ਓਪਰੇ ਅਖਵਾਣ ਦੀਵੇ

ਟਾਵੇਂ-ਟਾਵੇਂ ਘਰ 'ਤੇ ਹੀ ਬਲ਼ਦੇ ਦਿਖਾਈ ਦੇ ਰਹੇ ਨੇ
ਮਮਟੀਆਂ ਨੂੰ ਦੇ ਰਹੇ ਜੋ ਵੱਖਰੀ ਪਹਿਚਾਣ ਦੀਵੇ

ਰੌਸ਼ਨੀ ਭਾਵੇਂ ਉਨ੍ਹਾਂ ਦੀ ਮੈਂ ਕਦੇ ਵੀ ਮਾਣਨੀ ਨਾ
ਪਰ ਜੇ ਬੁਝਦੇ ਹੋਣ ਤੇਰੇ ਮੇਰੇ ਹੀ ਬੁਝ ਜਾਣ ਦੀਵੇ

ਘਰ ਦੀਆਂ ਕੰਧਾਂ ਹਨ੍ਹੇਰੇ ਜਦ ਨਿਵਾਜਣ ਲੱਗ ਪੈਣ
ਕੱਖੋਂ ਹੌਲ਼ੇ ਹੋ ਕੇ ਦੱਸੋ ਫੇਰ ਕਿੱਧਰ ਜਾਣ ਦੀਵੇ

ਜੁਗਨੂੰਆਂ ਨੇ ਸੁਪਨਿਆਂ ਵਿਚ ਵੀ ਕਦੇ ਨਾ ਸੋਚਿਆ ਸੀ
ਪੌਣ ਦੀ ਖ਼ਸਲਤ ਤੋਂ ਏਨੇ ਹੋਣਗੇ ਅਣਜਾਣ ਦੀਵੇ

✪

ਹੌਲ਼ੀ-ਹੌਲ਼ੀ ਦਿਨ ਚੜ੍ਹਦਾ ਹੈ
ਹੌਲ਼ੀ-ਹੌਲ਼ੀ ਦਿਨ ਛਿਪਦਾ ਹੈ
ਝਉਲ਼ਾ ਵੀ ਨਾ ਪੈਂਦਾ ਉਸਦਾ
ਜਿਸਦੇ ਰਾਹੀਂ ਦਿਲ ਵਿਛਦਾ ਹੈ

ਅਪਣੇ ਆਪ 'ਚ ਕੁਝ ਨਾ ਰਹਿੰਦਾ
ਸਾਇਆ ਤੱਕ ਵੀ ਮਿਟ ਜਾਂਦਾ ਹੈ
ਜਦੋਂ ਆਦਮੀ ਹੋਰ ਕਿਸੇ ਦੀ
'ਥੇਲ਼ੀ ਉਤੇ ਜਾ ਟਿਕਦਾ ਹੈ

ਚੱਲ ਕੇ ਆਈ ਸ਼ੈ ਦੇ ਨਾਲ਼ੋਂ
ਖ਼ੁਦ ਭਾਲ਼ੀ ਸ਼ੈਅ ਹੌਲ਼ੀ ਹੁੰਦੀ
ਇਕ ਮੁੱਲ ਬੰਦੇ ਦਾ ਪੈਂਦਾ ਹੈ
ਇਕ ਮੁੱਲ ਬੰਦਾ ਖ਼ੁਦ ਮਿਥਦਾ ਹੈ

ਖ਼ੁਦ ਹੀ ਸ਼ੀਸ਼ਾ ਬਣਨਾ ਪੈਂਦਾ
ਅਪਣੇ ਐਬ ਨਿਹਾਰਨ ਖ਼ਾਤਿਰ
ਤਾਂ ਹੀ ਸ਼ਾਇਦ ਲੋਕੀਂ ਕਹਿੰਦੇ
ਬੰਦਾ ਆਪੇ ਤੋਂ ਸਿਖਦਾ ਹੈ

ਅਪਣੇ ਅੰਦਰਲੇ ਬੰਦੇ ਨੂੰ
ਐਵੇਂ ਮਾਰ ਲਈਂ ਨਾ ਬੂਟੇ!
ਤੇਰਾ ਐਵੇਂ ਨਾ ਪੈਂਦਾ ਹੈ
ਅਸਲ 'ਚ ਗ਼ਜ਼ਲਾਂ ਉਹ ਲਿਖਦਾ ਹੈ

✪

ਦੂਰ-ਦੁਰੇਡੇ ਜਾ ਕੇ ਚਾਨਣ ਕਰਦੇ ਨੇ
ਮਿੱਟੀ ਸਾਡੀ ਦੀਪ ਬਿਗਾਨੇ ਘਰ ਦੇ ਨੇ

ਗਿਣਤੀ ਕਰਨੀ ਔਖੀ ਹੋਈ ਜਾਂਦੀ ਹੈ
ਏਨੇ ਬੂਹੇ 'ਕੱਲੇ-'ਕੱਲੇ ਘਰ ਦੇ ਨੇ

ਦੋਹਾਂ ਬਾਝੋਂ ਵੱਢ-ਵੱਢ ਕੇ ਜੱਗ ਮਰ ਜਾਵੇ
ਜੱਗ ਚਲਾਈ ਜਾਂਦੇ ਓਹਲੇ ਪਰਦੇ ਨੇ

ਉਂਗਲਾਂ 'ਤੇ ਹੀ ਗਿਣਨ ਜੋਗਰੇ ਰਹਿ ਗੇ ਨੇ
ਘਰੇ ਜਿਨ੍ਹਾਂ ਦੇ ਆ ਕੇ ਪਾਣੀ ਮਰਦੇ ਨੇ

ਹੌਲ਼ੇ ਹੋ ਹੋ ਆਪਾਂ ਸੱਥ ਹਰਾ ਦਿੱਤੀ
ਰੌਲ਼ੇ ਵੀ ਸਾਡੇ ਤੱਕ ਆਉਣੋਂ ਡਰਦੇ ਨੇ

✪

ਸਿਖ਼ਰ ਦੁਪਹਿਰਾ ਹੋਇਆ ਆਥਣ ਹੋ ਜਾਣੀ
ਸਾਂਭ–ਸਾਂਭ ਜੋ ਰਖਦੀ ਪੱਤਣ ਖੋ ਜਾਣੀ

ਹੌਲ਼ੀ-ਹੌਲ਼ੀ ਪੱਥਰ ਹੋਣਾ ਹੀ ਹੁੰਦੈ
ਥਾਂ–ਥਾਂ ਤੱਤੀ ਠੰਡੀ ਗੱਲ ਸਮੋ ਜਾਣੀ

ਜੱਗ ਪਰਖਣਾ ਹੋਇਆ ਅੱਖਾਂ ਖੋਲ੍ਹੀਂ ਤੂੰ
ਖ਼ੁਦ ਕਿੰਨੇ ਪਾਣੀ ਚੈਂ ਅੱਖਾਂ ਢੋ ਜਾਣੀ

ਤੇਰੇ ਬਾਝੋਂ ਕਿੱਦਾਂ ਵਕਤ ਲੰਘਾਇਆ ਮੈਂ
ਜਾਨੋਂ ਪਿਆਰੀ ਚੀਜ਼ ਆਪਣੀ ਖੋ ਜਾਣੀ

ਤਲ਼ੀ ’ਤੇ ਧਰ ਕੇ ਮਿੱਟੀ ਪਰਖੀ ਜਾਣੀ ਨੀ
ਕੁੱਝ ਕੁ ਸੁਪਨੇ ਓਸ ’ਚ ਵੀ ਤੂੰ ਬੋ ਜਾਣੀ

ਖੁੱਗ ਲਿਆਇਐਂ ਜਿਹੜੇ ਵਿਹੜੇ ’ਚੋਂ ਬੂਟਾ
ਕੁਸ਼ ਵੀ ਕਰ ਲਈਂ ਓਧਰ ਨੂੰ ਖ਼ੁਸ਼ਬੋ ਜਾਣੀ

✪

ਕੇਹਾ ਜੀਣ ਵਸੀਲਾ ਹੋਇਆ
’ਕੱਲਾ-’ਕੱਲਾ ਤੀਲਾ ਹੋਇਆ

ਝੱਖੜ ਆਇਆ ਤਾਂ ਕੀ ਹੋਇਆ
ਜੰਗਲ ਵੀ ਲਚਕੀਲਾ ਹੋਇਆ

ਛੋਟੀ-ਵੱਡੀ ਕੁਰਸੀ ਉਤੇ
’ਕੱਠਾ ਨਾਗ ਕਬੀਲਾ ਹੋਇਆ

ਵਿਹੁ ਪੀਂਦੇ ਧਰਤੀ ਦੇ ਬੰਦੇ
ਅੰਬਰ ਨਾ ਪਰ ਨੀਲਾ ਹੋਇਆ

ਮੋਹ ਦੇ ਬੂਟੇ ਕਿੱਥੇ ਲਾਵਾਂ
ਕਣ-ਕਣ ਹੀ ਪਥਰੀਲਾ ਹੋਇਆ

✪

ਝੀਲ ਦੀ ਰੰਗਤ ਦੇਖਣ ਨਾਲ਼ੋਂ
ਝੀਲ ਦੀ ਜੋ ਗਹਿਰਾਈ ਦੇਖੇ
ਅੱਖ ਉਹੀ ਜੋ ਝੀਲ ਅੰਦਰੋਂ
ਕਿੰਨੀ ਕੁ ਪਥਰਾਈ ਦੇਖੇ

ਉਸਨੇ ਉੱਚਾ ਹੋ ਕੇ ਮੇਰੀ
ਵਗਦੀ ਅੱਖ ਦੇ ਹੰਝੂ ਪੂੰਝੇ
ਚਾਹੁੰਦਾ ਸੀ ਉਹ ਕਿਹੜੀ ਗੱਲੋਂ
ਅੱਖ ਮੇਰੀ ਭਰ ਆਈ ਦੇਖੇ

ਔੜ ਘਟੇ ਧਰਤੀ ਤੋਂ ਕਿੱਦਾਂ
ਅੰਨ੍ਹਾ ਅੰਬਰ ਸਿਰਜ ਲਿਆ ਹੈ
ਵਰ੍ਹਨੋਂ ਪਹਿਲਾਂ ਜਿਹੜਾ ਦਲ-ਦਲ
ਨਾ ਧਰਤੀ ਤ੍ਰਿਹਾਈ ਦੇਖੇ

ਸਿਵੇ ਦੀ ਅੱਗ ਸੁਜਾਖੀ ਹੁੰਦੀ
ਸਾੜ ਕੇ ਉਮਰਾ ਦੇਣੋ ਪਹਿਲਾਂ
ਮਰ ਚੁੱਕੇ ਦੀ ਦਿਲ ਦਰਿਆਈ
ਦਾਨਾਈ ਚੰਗਿਆਈ ਦੇਖੇ

ਇਕੋ ਰੰਗ ਦੇ ਫੁੱਲ ਜੇ ਹੋਵਣ
ਵੇਖ ਕੇ ਲੰਘੇ ਕੋਈ-ਕੋਈ
ਰੰਗ-ਬਿਰੰਗੇ ਫੁੱਲਾਂ ਵਾਲੇ
ਬੂਟੇ ਨੂੰ ਲੋਕਾਈ ਦੇਖੇ

✪

ਨਹੁੰ ਕੁ ਜਿੰਨਾ ਵੀ ਨਾ ਅੱਗੇ ਸਰਕਦੇ ਹੋ
ਅਪਣੇ ਅਪਣੇ ਦਾਇਰਿਆਂ ਵਿਚ ਭਟਕਦੇ ਹੋ

ਲੋਚਦੇ ਹੋ ਚਾਰੇ ਪਾਸੇ ਫੁੱਲ ਹੋਵਣ
ਨਾ ਕਿਸੇ 'ਤੇ ਛਲਕਦੇ ਨਾ ਬਰਸਦੇ ਹੋ

ਜੱਗ ਸੁਧਰ ਜਾਵੇਗਾ ਜੇ ਖ਼ੁਦ ਨਾ ਕਰੋਂ ਉਹ
ਜਿਹੜਾ ਕੁਝ ਕਰਨੋਂ ਅਸਾਨੂੰ ਵਰਜਦੇ ਹੋ

ਘਰ ਬਿਗਾਨਾ ਛੱਡਣਾ ਪੈਂਦਾ ਹੈ ਆਖ਼ਿਰ
ਹੰਝੂਓ! ਨੈਣਾਂ 'ਚ ਕਾਹਤੋਂ ਅਟਕਦੇ ਹੋ

ਕਿੱਥੇ-ਕਿੱਥੇ ਖਿੰਡ ਗਏ ਹੋ ਘਰ ਤੋਂ ਬਾਹਰ
ਪਰਤ ਕੇ ਵੀ ਨਾ ਤੁਸੀਂ ਘਰ ਪਤਰਦੇ ਹੋ

✪

ਫ਼ਾਸਲਾ ਲੈਣ ਦੇ ਘਟਾ ਮੈਨੂੰ
ਦਿਲ ’ਚੋਂ ਨੈਣਾਂ ’ਚ ਵੀ ਲਿਆ ਮੈਨੂੰ

ਹੋਂਦ ਮੇਰੀ ਬਣੀ ਤੇਰਾ ਸਾਇਆ
ਹੁਣ ਕਜ਼ਾ ਹੀ ਕਰੂ ਜੁਦਾ ਮੈਨੂੰ

ਆਦਮੀ ਤੋਂ ਜੇ ਹਸਤੀ ਬਣਨਾ ਹੈ
ਰਾਸਤਾ ਹਾਂ ਅਗਾਂਹ ਵਧਾ ਮੈਨੂੰ

ਜਾਣਨਾ ਦਰਦ ਤੇਰੇ ਕਣ-ਕਣ ਦਾ
ਧਰਤੀਏ! ਬਿਰਖ ਨਾ ਬਣਾ ਮੈਨੂੰ

ਬੀਜ ਹਾਂ ਉਗਣਾ ਮੇਰੀ ਹੋਣੀ ਹੈ
ਸਮਝ ਕੇ ਰੇਤ ਨਾ ਖਿੰਡਾ ਮੈਨੂੰ

ਛੱਡ ਦਿਆਂ ਕਿੰਝ ਗ਼ਜ਼ਲੇ ਹਰਫ਼ ਖੁੱਲ੍ਹੇ
ਰਾਸ ਆਈ ਤੇਰੀ ਸਜਾ ਮੈਨੂੰ

✪

ਜੇ ਮੇਲੇ 'ਚੋਂ ਤੈਨੂੰ ਕੋਈ ਤਕਦਾ ਹੋਰ ਨਹੀਂ
ਛੱਡ ਦੇ ਭਰਮ-ਭੁਲੇਖੇ ਤੇਰੀ ਵੱਖਰੀ ਤੋਰ ਨਹੀਂ

'ਕੱਲੀ-'ਕੱਲੀ ਪੈੜ ਨਿਰਖ ਲੈ ਤੇਰੀ ਹੀ ਐ ਇਹ
ਤੇਰੇ ਪਿੱਛੋਂ ਮੇਰੇ ਘਰ ਕੋਈ ਆਇਆ ਹੋਰ ਨਹੀਂ

ਅੱਖ ਸ਼ਰਮ ਦਾ ਪੱਲਾ ਚੁੱਕਣਾ ਮੈਂ ਹੀ ਨੀ ਚਾਹੁੰਦਾ
ਵਰਨਾ ਜਿੰਨਾ ਸਮਝੇਂ ਮੈਂ ਏਨਾ ਕਮਜ਼ੋਰ ਨਹੀਂ

ਅਪਣੇ ਲੁਕਵੇਂ ਚੰਨ ਸਿਤਾਰੇ ਹੋਰ ਚੜ੍ਹਾ ਕਿਧਰੇ
ਮੇਰੇ ਅੰਬਰ ਦੀ ਬੁੱਕਲ ਵਿਚ ਅੰਬਰ ਹੋਰ ਨਹੀਂ

ਪੰਛੀ ਦੂਰ ਗਏ ਜੇ ਏਸ 'ਚ ਦੋਸ਼ ਉਨ੍ਹਾਂ ਦਾ ਕੀ
ਸਾਡੇ 'ਚੋਂ ਵੀ ਕਿਹੜਾ ਜਿਹੜਾ ਆਦਮ-ਖ਼ੋਰ ਨਹੀਂ

ਅਪਣੀ 'ਮੈਂ' ਦਾ ਕੁਝ ਕੁ ਹਿੱਸਾ ਰਖਦਾ ਹੈ ਕੋਲ਼ੇ
ਬੰਦਾ ਹੱਥ ਬਿਗਾਨੇ ਦਿੰਦਾ ਪੂਰੀ ਡੋਰ ਨਹੀਂ

ਚਾਰੇ ਪਾਸੇ ਧੁੰਦ ਪਸਾਰਾ ਜਿੱਧਰ ਵੀ ਦੇਖਾਂ
ਕਿਸੇ ਪਾਸਿਓਂ ਪੈਂਦੀ ਚਾਨਣ ਦੀ ਲਿਸ਼ਕੋਰ ਨਹੀਂ

✪

ਲਗਾਵੇ ਜੜ ਹੁਨਰ ਕਿੱਥੇ ਖਲੋ ਕੇ ਸੋਚਦਾ ਹੈ
ਬੁਰਾ ਲਗਦਾ ਹੈ ਓਹੀ ਜੋ ਕਿਸੇ ਨੂੰ ਟੋਕਦਾ ਹੈ

ਤੇਰਾ ਦੁੱਖ ਤੇ ਦਿਲਾਸਾ ਅਪਣਾ-ਅਪਣਾ ਕਰਮ ਕਰਦੇ
ਵਗਾਉਂਦਾ ਦੁੱਖ ਜੇ ਹੰਝੂ ਦਿਲਾਸਾ ਰੋਕਦਾ ਹੈ

ਜਦੋਂ ਕਿਰਨਾਂ ਸਮੇਟੇ ਸ਼ਾਮ ਨੂੰ ਸੂਰਜ ਹੈ ਲਗਦਾ
ਜਿਵੇਂ ਆ ਕੇ ਸਕੂਲੋਂ ਬਾਲ ਫੱਟੀ ਪੋਚਦਾ ਹੈ

ਪੁਰਾਣਾ ਘਰ ਦਾ ਬੂਹਾ ਏਸ ਗੱਲੋਂ ਸੁਲਗਦਾ ਹੈ
ਨਵਾਂ ਬੂਹਾ ਨਾ ਉਹਦੇ ਵਾਂਗ ਪੱਲਾ ਬੋਚਦਾ ਹੈ

ਅਧੂਰਾਪਣ ਹੀ ਰਖਦਾ ਆਦਮੀ ਨੂੰ ਸਫ਼ਰ ਉਤੇ
ਨਹੀਂ ਹੁੰਦਾ ਉਹ ਪੂਰਾ ਆਦਮੀ ਜੋ ਸੋਚਦਾ ਹੈ

✪

ਐਸਾ ਵੇਲ਼ਾ ਵੀ ਆਵੇਗਾ
ਲੰਘਿਆ ਪਾਣੀ ਹੋ ਜਾਵਾਂਗਾ
ਨਵੀਆਂ ਗੱਲਾਂ ਕਰਦਾ-ਕਰਦਾ
ਗੱਲ ਪੁਰਾਣੀ ਹੋ ਜਾਵਾਂਗਾ

ਮੈਂ ਵੀ ਸੀ ਜੇ ਪੱਤੇ ਕੱਢਦਾ
ਉਹ ਵੀ ਉੱਚੇ ਥਾਂ ਉੱਗੀ ਸੀ
ਭਰਮ ਹੀ ਸੀ ਇਹ ਮੇਰੇ ਦਿਲ ਦਾ
ਉਸਦਾ ਹਾਣੀ ਹੋ ਜਾਵਾਂਗਾ

ਘਰ ਦੀਆਂ ਕੰਧਾਂ ਨੂੰ ਮੈਂ ਬਹੁਤਾ
ਏਸ ਲਈ ਨਾ ਗਲ਼ ਨੂੰ ਲਾਉਂਦਾ
ਰੰਗ ਇਨ੍ਹਾਂ ਨੂੰ ਦਿੰਦਾ-ਦਿੰਦਾ
ਰੁਕਿਆ ਪਾਣੀ ਹੋ ਜਾਵਾਂਗਾ

ਆਲ਼ੇ-ਦੁਆਲ਼ੇ ਵੇਖਣ ਵੇਲ਼ੇ
ਏਸੇ ਗੱਲੋਂ ਡਰ ਲਗਦਾ ਹੈ
ਸਫ਼ਰ 'ਚ ਕਿਧਰੇ ਉਲਝ ਗਿਆ ਜੇ
ਉਲਝੀ ਤਾਣੀ ਹੋ ਜਾਵਾਂਗਾ

ਅਪਣੀ ਦਰਦ ਕਹਾਣੀ ਤੋਂ ਮੈਂ
ਅਪਣਾ ਨਾਮ ਮਿਟਾ ਦਿੱਤਾ ਹੈ
ਇਲਮ ਨਹੀਂ ਸੀ ਹੋਰਾਂ ਦੀ ਵੀ
ਦਰਦ ਕਹਾਣੀ ਹੋ ਜਾਵਾਂਗਾ

✪

ਚੁੱਪ ਦੀ ਸੂਲ਼ੀ ਚੜ੍ਹਦੇ ਰਹਿੰਦੇ ਖ਼ੁਸ਼ੀਆਂ ਦੇ ਜੋ ਪਲ
ਕਵਿਤਾ ਪਿੱਛੋਂ ਬਣਦੇ ਪਹਿਲਾਂ ਰੂਹ ਦੀ ਬਣਨ ਇਕੱਲ

ਕਿੱਥੋਂ ਆ ਕੇ ਸੂਈ ਧਾਗਾ ਸਾਨੂੰ ਇੱਕ ਕਰੇ
ਵਿਹੁ ਦੀ ਗੰਦਲ਼ ਲਗਦੀ ਸਾਨੂੰ ਅਜੇ ਬਿਗਾਨੀ ਗੱਲ

ਨਿੰਦਕ ਦੇ ਬੋਲਾਂ ਨੇ ਅੰਬਰੋਂ ਕਦ ਤਾਰੇ ਲਾਹੇ
ਸੁਆਹ ਹੋ ਕੇ ਝੜ ਜਾਂਦਾ ਧੂੰਆਂ ਚੜ੍ਹਿਆ ਅੰਬਰ ਵੱਲ

ਅਪਣੀ-ਅਪਣੀ ਥਾਂਵੇਂ ਅੰਬਰੀਂ ਹਰ ਤਾਰਾ ਡਲ੍ਹਕੇ
ਧਰਤੀ ਉਤੇ ਕੌਣ ਕਿਸੇ ਦੀ ਥਾਂ ਸਕਿਆ ਹੈ ਮੱਲ

ਕਿਹੜਾ ਦਿਨ ਹੈ ਜਿਹੜਾ ਏਥੇ ਚੜ੍ਹ ਕੇ ਨਾ ਛਿਪਿਆ
ਧਰਤੀ ਉਤੇ ਕਿਹੜੀ ਸ਼ੈਅ ਹੈ ਯੁੱਗੋ-ਯੁੱਗ ਅਟੱਲ

✪

ਵਕਤ ਦੀ ਅੱਖ 'ਚ ਸਿੱਧਾ ਕਾਹਦਾ ਵੇਖ ਲਿਆ
ਉਸਨੇ ਮੇਰੀ ਖ਼ਾਤਿਰ ਖੰਜਰ ਰੇਤ ਲਿਆ

ਧੁੰਦਲਾ ਹੋਏ ਤੋਂ ਵੀ ਉਹਦੀ ਲੱਜ ਪਾਲ਼ੇ
ਜਿਸ ਦਰਪਨ 'ਚੋਂ ਹੋਵੇ ਆਪਾ ਵੇਖ ਲਿਆ

ਦਿਲ ਦੀ ਦੁਨੀਆਂ ਦੇ ਵਿਚ ਏਦਾਂ ਨ੍ਹੀਂ ਹੁੰਦਾ
ਜਿੱਥੇ ਚਾਹਿਆ ਧਰ ਕੇ ਸੌਦਾ ਵੇਚ ਲਿਆ

ਕਿਹੜਾ ਸਾਗਰ ਸਾਡੀ ਪਿਆਸ ਬੁਝਾਵੇਗਾ
ਖ਼ੁਦ ਨੂੰ ਭਾਂਡਾ ਕਰਕੇ ਵਿਚ ਕਰ ਛੇਦ ਲਿਆ

ਆਥਣ ਹੋਈ ਪੈਰ ਪਸਾਰੇ 'ਕੱਠੇ ਕਰ
ਸੂਰਜ ਨੇ ਵੀ ਅਪਣਾ ਆਪ ਸਮੇਟ ਲਿਆ

ਸੁਪਨੇ ’ਚ ਆ ਕੇ ਸ਼ਹਿਰ ਸੀ ਖੇਤਾਂ ’ਚ ਵਿਛ ਗਿਆ
ਆਉਣਾ ਹੈ ਜਿਹੜੇ ਵਕਤ ਨੇ ਪਹਿਲਾਂ ਹੀ ਦਿਸ ਗਿਆ

ਚੋਗਾ ਜਿਥੇ ਵੀ ਦਿਸ ਪਵੇ ਓਥੇ ਹੀ ਚਹਿਕਦਾ
ਪੰਛੀ ਵੀ ਅੱਜ ਦੇ ਦੌਰ ਦੀ ਤਹਿਜ਼ੀਬ ਸਿੱਖ ਗਿਆ

ਚਾਹੁੰਦੇ ਜੋ ਮੈਨੂੰ ਮਾਰਨਾ ਹਾਰਨਗੇ ਅੰਤ ਨੂੰ
ਮੇਰਾ ਵਜੂਦ ਅਣਗਿਣੇ ਹਰਫ਼ਾਂ ’ਚ ਛਿਪ ਗਿਆ

ਕਿੱਦਾਂ ਦੀ ਤੇਰੀ ਤੋਰ ਸੀ ਉਹ ਮੈਂ ਹੀ ਜਾਣਦਾਂ
ਉਹ ਮੈਂ ਹੀ ਸੀ ਜੋ ਤੇਰਿਆਂ ਰਾਹਾਂ ’ਚ ਵਿਛ ਗਿਆ

ਧਰਤੀ ਦੀ ਫੇਰੀ ਆਪਣੀ ਸਮਝਾਂਗਾ ਸਫ਼ਲ ਫਿਰ
ਜਿੰਨਾ ਕੁ ਹੋਇਆ ਸੋਚਿਆ ਜੇਕਰ ਉਹ ਲਿਖ ਗਿਆ

✪

ਨੈਣੀਂ ਲੁਕੋਏ ਹੰਝ ਨੇ ਦੁੱਖ ਬੇ-ਹਿਸਾਬ ਹੈ
ਵਿਹੜੇ 'ਚ ਭਾਂਤ-ਭਾਂਤ ਦਾ ਲਾਇਆ ਗੁਲਾਬ ਹੈ

ਓਨੇ ਕੁ ਫੁੱਲ ਖਿੜਨਗੇ ਉਸਦੇ ਬਹਾਰ ਵਿਚ
ਜਿੰਨੀ ਕੁ ਵੇਲ ਨੇ ਸਹੀ ਸੂਰਜ ਦੀ ਤਾਬ ਹੈ

ਪੜ੍ਹ-ਪੜ੍ਹ ਅਨੇਕ ਤੁਰ ਗਏ ਹਾਲੇ ਵੀ ਅਣਪੜ੍ਹੀ
ਜੀਵਨ ਦੀ ਰੋਜ਼ ਬਦਲਦੀ ਰਹਿੰਦੀ ਕਿਤਾਬ ਹੈ

ਪੁੱਛਿਆ ਸੀ ਮੈਨੂੰ ਤੂੰ ਕਦੇ ਰਹਿੰਨੈਂ ਉਦਾਸ ਕਿਉਂ
ਮੇਰਾ ਹਰੇਕ ਬੋਲ ਹੀ ਤੇਰਾ ਜਵਾਬ ਹੈ

ਕੀ-ਕੀ ਖਿਲਾਏ ਗੁਲ ਤੁਸੀਂ ਕਰਿਆ ਅਸਾਂ ਨੇ ਕੀ
ਏਸੇ ਹੀ ਜਨਮ ਵਿਚ ਅਸੀਂ ਕਰਨਾ ਹਿਸਾਬ ਹੈ

ਸੂਰਜ ਦੀ ਧੁੱਪ ਵੰਡਵੀਂ ਆਵੇ ਹਰੇਕ ਘਰ
ਪਹਿਲਾਂ ਵੀ ਮੇਰਾ ਖ਼ਾਬ ਸੀ ਹੁਣ ਵੀ ਇਹ ਖ਼ਾਬ ਹੈ